# ਪੰਥ ਦੇ ਅਨਮੋਲ ਹੀਰੇ

# ਵੀਰ ਜੀ, ਪੰਥ ਰਤਨ

## ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲੇ

*ਮੋਹਣ ਸਿੰਘ ਸਹਿਗਲ*

*15, ਗੁਰੂ ਗੋਬਿੰਦ ਸਿੰਘ ਨਗਰ,*

*ਜਲੰਧਰ Ph: 98-155-86515*

ਵਰਤਮਾਨ ਸਦੀ ਦੇ ਪੰਥ ਦੇ ਅਨਮੋਲ ਹੀਰੇ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲੇ ਜਿਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਨਿਸ਼ਕਾਮ ਕੀਰਤਨੀਏ ਦੀ ਉਪਾਧੀ 1996 ਨੂੰ ਮਿਲੀ ਤੇ 14 October 2006 ਨੂੰ

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥*

ਦੇ ਮਹਾਂਵਾਕ ਅਨੁਸਾਰ ਅਕਾਲ ਪੁਰਖ ਦੇ ਭਾਣੇ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

*ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ॥*



ਮਿਤੀ 21-10-2006 ਨੂੰ ਲੱਖਾਂ ਸੰਗਤਾਂ ਦੀ ਹਾਜ਼ਰੀ ਵਿਚ ਸੁਹਾਵਣਾ ਅਕਾਲ ਆਸ਼ਰਮ ਵਿਖੇ ਉਨ੍ਹਾਂ ਨਮਿਤ ਵਿਸ਼ੇਸ਼ ਗੁਰਮਤਿ ਸਮਾਗਮ ਹੋਏ ਜਿਸ ਵਿਚ ਸਾਰੀਆਂ ਧਾਰਮਿਕ ਸ਼ਖਸੀਅਤਾਂ ਸ੍ਰੀ ਅਕਾਲ ਤਖਤ ਸਾਹਿਬਾਨ ਤੇ ਹੋਰ ਤਖਤ ਸਾਹਿਬ ਦੇ ਜਥੇਦਾਰ, ਮਹਾਂਪੁਰਖ ਸੰਤ ਭਾਵ ਹਰ ਸੰਸਥਾ, ਜਥੇਬੰਦੀ ਤੇ ਧਾਰਮਿਕ ਸੁਸਾਇਟੀਆਂ ਦੇ ਮੈਂਬਰ ਨੇ ਆਪਣੀ ਹਾਜ਼ਰੀ ਲਵਾਈ। ਸਿਆਸੀ ਨੇਤਾਵਾਂ ਦੀ ਵੀ ਗਿਣਤੀ ਬਹੁਤ ਸੀ ਉਥੇ ਸ. ਅਵਤਾਰ ਸਿੰਘ ਪ੍ਰਧਾਨ ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਵੀਰ ਜੀ ਨੂੰ 'ਪੰਥ ਰਤਨ' ਦੇ ਸਨਮਾਨ ਨਾਲ ਸਨਮਾਨਿਆ ਜੋ ਕਿ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕੀਤਾ ਅਤੇ ਪ੍ਰਸੰਨਤਾ ਵੀ ਪ੍ਰਗਟਾਈ।

ਵੀਰ ਜੀ ਇਕ ਵਿਅਕਤੀ ਨਾ ਹੋ ਕੇ ਇਕ ਸੰਪੂਰਨ ਸੰਸਥਾ ਸਨ। ਭਾਈ ਸਾਹਿਬ ਕਦੇ ਆਪਣੇ ਨਾਂ ਨਾਲ ਸੰਤ ਜਾਂ ਬਾਬਾ ਨਹੀਂ ਸਨ ਲਾਉਣ ਦੇਂਦੇ। ਹਾਂ ਸਾਰੀ ਸੰਗਤ ਸਤਿਕਾਰ ਨਾਲ ਭਾਈ ਸਾਹਿਬ ਨੂੰ *ਵੀਰ ਜੀ* ਕਹਿੰਦੇ ਤੇ ਆਪ ਵੀ ਭਾਈ ਸਾਹਿਬ ਜਾਂ ਵੀਰ ਜੀ ਹੀ ਅਖਵਾ ਕੇ ਪ੍ਰਸੰਨ ਹੁੰਦੇ ਸਨ। ਨਹੀਂ ਤਾਂ ਅਜਕਲ੍ਹ ਛੋਟੀ ਉਮਰ ਭਾਵ 30 ਸਾਲਾਂ ਤੋਂ ਵੀ ਘਟ ਉਮਰ ਦੇ ਕੱਚੀ ਬਾਣੀ ਪੜ੍ਹਨ ਵਾਲੇ ਆਪਣੇ ਨਾਂ ਨਾਲ ਬਾਬਾ ਵੀ ਤੇ ਸੰਤ ਵੀ ਲਾਉਂਦੇ ਹਨ ਪਰ ਵੀਰ ਜੀ ਤੇ ਅਕਾਲ ਪੁਰਖ ਦੀ ਬਖਸ਼ਿਸ਼ ਸੀ ਤੇ ਦੁਨੀਆਂ ਦਾਰੀ ਦੇ ਬਹੁਤੇ ਬਖੇੜਿਆਂ ਤੋਂ ਦੂਰ ਹੀ ਰਹਿੰਦੇ ਸਨ।

ਵੀਰ ਜੀ ਦਾ ਜਨਮ ਆਪਣੇ ਨਾਨਕੇ ਪਿੰਡ ਚਕਰੀ ਜ਼ਿਲ੍ਹਾ ਕੈਂਬਲਪੁਰ ਪਾਕਿਸਤਾਨ ਵਿਖੇ 16 August 1944 ਨੂੰ ਸ. ਇੰਦਰ ਸਿੰਘ ਤੇ ਮਾਤਾ



ਪਾਰਬਤੀ ਕੌਰ ਦੇ ਗ੍ਰਹਿ ਵਿਖੇ ਹੋਇਆ। ਦੇਸ਼ ਦੀ ਵੰਡ ਵੇਲੇ ਆਪ ਜੀ ਕੇਵਲ ਢਾਈ ਸਾਲ ਦੇ ਸਨ ਕਿ ਪਰਿਵਾਰ ਨਾਲ ਅੰਮ੍ਰਿਤਸਰ ਆ ਗਏ।

ਆਪ ਜੀ ਅਜੇ 14 ਵਰ੍ਹਿਆਂ ਦੇ ਸਨ ਕਿ ਪਿਤਾ ਜੀ ਦਾ ਅਕਾਲ ਚਲਾਣਾ ਹੋ ਗਿਆ ਤੇ ਘਰ ਦੀ ਜ਼ਿੰਮੇਵਾਰੀ ਆਪ ਸਿਰ ਪੈ ਗਈ। ਵੀਰ ਜੀ ਨੇ ਮੁਢਲੀ ਵਿਦਿਆ ਸੰਗਰੂਰ ਵਿਖੇ ਪ੍ਰਾਪਤ ਕੀਤੀ ਤੇ ਕਰੜੀ ਮਿਹਨਤ ਕਰਕੇ ਜਿਥੇ ਘਰ ਦਾ ਗੁਜ਼ਾਰਾ ਕੀਤਾ ਉਥੇ ਲੁਧਿਆਣੇ 4 ਸਾਲ ਦਾ ਓਵਰਸੀਅਰ ਦਾ ਕੋਰਸ ਵੀ ਕੀਤਾ।

ਵੀਰ ਜੀ ਦੀਆਂ ਬਚਪਨ ਤੋਂ ਹੀ ਧਾਰਮਿਕ ਬਿਰਤੀਆਂ ਹੋਣ ਕਰਕੇ ਆਪ ਗੁਰਪੁਰਬਾਂ ਦੇ ਦੀਵਾਨਾਂ ਵਿਚ ਬੜੇ ਜੋਸ਼ ਨਾਲ ਕਵਿਤਾਵਾਂ ਪੜ੍ਹਦੇ ਸਨ ਤੇ ਆਪ ਦੇ ਨਾਂ ਨਾਲ ਜੋਸ਼ੀ ਉਪ ਨਾਂ ਲਗ ਗਿਆ। ਆਪ ਜੀ ਨੇ ਫਿਰ ਇਸੇ ਨਾਂ ’ਤੇ ਜੋਸ਼ੀ ਟੈਂਟ ਹਾਊਸ ਦਾ ਕਾਰੋਬਾਰ ਖੰਨਾ ਵਿਖੇ ਖੋਹਲਿਆ।

ਵੀਰ ਜੀ ਤੇ ਅਕਾਲ ਪੁਰਖ ਦੀ ਅਪਾਰ ਕਿਰਪਾ ਰਹੀ ਤੇ ਆਪ ਜੀ ਜੁਆਨੀ ਵਿਚ ਵੀ ਗੁਰੂ ਚਰਨਾਂ ਨਾਲ ਜੁੜੇ ਰਹੇ। ਵੀਰ ਜੀ ਦਾ ਪ੍ਰਮਾਤਮਾ ਤੇ ਪੂਰਨ ਵਿਸ਼ਵਾਸ਼ ਸੀ। ਜ਼ਿੰਦਗੀ ਦੇ ਮਨੋਰਥ ਤੋਂ ਪੂਰੀ ਤਰ੍ਹਾਂ ਜਾਣੂੰ ਸਨ। ਵੀਰ ਜੀ ਸਮਾਜਿਕ, ਵਿਦਿਅਕ ਤੇ ਧਾਰਮਿਕ ਵਖੋ-ਵੱਖਰੇ ਜੀਵਨ ਪਹਿਲੂਆਂ ਨੂੰ ਬੜੀ ਗੰਭੀਰਤਾ ਨਾਲ ਸੋਚਦੇ ਸਨ। ਵੀਰ ਜੀ ਸਾਰਾ ਦਿਨ ਕੰਮ ਕਰਦੇ ਤੇ ਰਾਤ ਨੂੰ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕਰਦੇ। ਵੀਰ ਜੀ ਆਪਣੇ ਆਪ ਨੂੰ ਸਿੱਖ ਪੰਥ ਦਾ ਇਕ ਅਦਨਾ ਪ੍ਰਚਾਰਕ ਸਮਝ ਕੇ ਆਪਣਾ ਫ਼ਰਜ਼ ਨਿਭਾਉਂਦੇ ਸਨ।



***ਪ੍ਰੇਰਨਾ ਸਰੋਤ—*** ਗਿਆਨੀ ਨਰਿੰਜਨ ਸਿੰਘ ਜੀ ਤੇ ਸੰਤ ਨਿਸਚਲ ਸਿੰਘ ਜੀ ਯਮਨਾ ਨਗਰ ਵਾਲਿਆਂ ਨੂੰ ਜਿਥੇ ਆਪਣਾ ਆਦਰਸ਼ਕ ਰਹਿਬਰ ਮੰਨਦੇ ਸਨ ਉਥੇ ਵੀਰ ਜੀ ਦੇ ਜੀਵਨ ਦੇ ਪ੍ਰੇਰਨਾ ਸਰੋਤ *ਸੰਤ ਅਤਰ ਸਿੰਘ ਜੀ* ਮਸਤੂਆਣਾ ਵਾਲੇ ਸਨ। ਹਰ ਸਾਲ ਅਕਾਲ ਆਸ਼ਰਮ ਸੁਹਾਣਾ ਵਿਖੇ ਮਾਰਚ ਦੇ ਅੰਤ ਤੇ ਅਪ੍ਰੈਲ ਦੇ ਆਰੰਭ ਵਿਚ 5 ਦਿਨਾਂ ਦਾ ਗੁਰਮਤਿ ਸਮਾਗਮ ਬਹੁਤ ਵੱਡੇ ਆਕਾਰ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਦੀ ਯਾਦ ਨੂੰ ਹੀ ਸਮਰਪਿਤ ਕਰਦੇ ਸਨ। ਵੀਰ ਜੀ ਨੇ 1983 ਵਿਚ ਸੰਗਤਾਂ ਦੀ ਸਹਾਇਤਾ ਨਾਲ ਜ਼ਮੀਨ ਲੈ ਕੇ ਅਕਾਲ ਆਸ਼ਰਮ ਸੁਹਾਣਾ (ਮੁਹਾਲੀ) ਆਰੰਭ ਕੀਤਾ। ਜਿਸ ਵਿਚ ਅਜ ਤਕ ਵਾਹਿਗੁਰੂ ਦੀ ਬਾਣੀ ਦੇ ਕਥਨਾਂ ਕੀਰਤਨ ਅਤੇ ਵਿਚਾਰਾਂ ਹੁੰਦੀਆਂ ਹਨ। ਸੰਗਤਾਂ ਦੂਰੋਂ ਨੇੜਿਓਂ ਆ ਕੇ ਲਾਭ ਪ੍ਰਾਪਤ ਕਰਦੀਆਂ ਹਨ। ਇਥੇ ਯਾਤਰੀਆਂ ਨੂੰ 24 ਘੰਟੇ ਲੰਗਰ ਵੀ ਮਿਲਦਾ ਹੈ। ਇਸ ਤਰ੍ਹਾਂ ਵੀਰ ਜੀ ਦਾ ਅਧਿਆਤਮਕ ਨਿਸ਼ਾਨਾ ਪੂਰਾ ਹੋ ਰਿਹਾ ਹੈ।

## ***ਅੱਖਾਂ ਦਾ ਹਸਪਤਾਲ***

ਵਾਹਿਗੁਰੂ ਨੇ ਸ੍ਰਿਸ਼ਟੀ ਸਾਜੀ ਹੈ ਇਸ ਨੂੰ ਮਾਨਣ ਦਾ ਹਰ ਇਕ ਨੂੰ ਹੱਕ ਹੈ ਪਰ ਜਿਸ ਦੇ ਨੇਤਰ ਹੀ ਨਾ ਹੋਣ ਉਹ ਦੁਨੀਆਂ ਦੀ ਰੰਗੀਨੀ ਦਾ ਆਨੰਦ ਕਿਵੇਂ ਮਾਣ ਸਕਦਾ ਹੈ, ਸੋ ਵੀਰ ਜੀ ਨੇ ਅਧਿਆਤਮਕ ਪਖ ਦੇ ਨਾਲ ਲੋੜਵੰਦਾਂ ਦੀ ਸਹਾਇਤਾ ਲਈ ਅੱਖਾਂ ਦਾ ਹਸਪਤਾਲ 1995 ਵਿਚ ਆਰੰਭ ਕੀਤਾ। ਵੀਰ ਜੀ ਪ੍ਰਚਾਰ ਕਰਦੇ ਸੀ ਕਿ ਅੱਖਾਂ ਮਰਨਾ ਨਹੀਂ ਚਾਹੁੰਦੀਆਂ ਇਸ ਲਈ ਮਨੁਖ ਦੇ ਪੂਰੇ ਹੋਣ (ਮਰਨ ਉਪਰੰਤ) ਤੇ ਕੁਝ ਘੰਟੇ ਅੱਖਾਂ ਜੀਵਤ ਰਹਿੰਦੀਆਂ ਹਨ ਤੇ ਜੇਕਰ ਇਨ੍ਹਾਂ ਨੂੰ ਕੱਢ ਲਿਆ ਜਾਵੇ ਤਾਂ ਕਿਸੇ ਨੇਤਰਹੀਣ ਨੂੰ ਲਗਾਈਆਂ ਜਾਣ ਤਾਂ ਉਹ ਵੀ ਵਾਹਿਗੁਰ



ਦੀ ਸਾਜੀ ਸ੍ਰਿਸ਼ਟੀ ਨੂੰ ਦੇਖ ਸਕਦਾ ਹੈ। ਆਨੰਦ ਮਾਣ ਸਕਦਾ ਹੈ। ਇਸ ਤਰ੍ਹਾਂ ਵੀਰ ਜੀ ਨੇ 1995 ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ (ਚੈ.) ਹਸਪਤਾਲ ਆਰੰਭ ਕੀਤਾ। ਵੀਰ ਜੀ ਨੇ ਅੱਖਾਂ ਦੇ ਦਾਨ ਲਈ ਪ੍ਰਚਾਰ ਕੀਤਾ ਤੇ ਇਸ ਵਿਚ ਉਨ੍ਹਾਂ ਨੂੰ ਸਫਲਤਾ ਵੀ ਮਿਲੀ। 400 ਤੋਂ ਵਧ ਅੱਖਾਂ ਦਾਨ ਵਜੋਂ ਇਕੱਤਰ ਕੀਤੀਆਂ ਜੋ ਕਿ ਬਹੁਤ ਵਡਾ ਉਦਮ ਹੈ ਤੇ ਫਿਰ ਇਨ੍ਹਾਂ ਨੂੰ ਨੇਤਰਹੀਣਾਂ ਦੇ ਕੋਰਨੀਏ ਟਰਾਂਸਪਲਾਟ ਕਰਕੇ 400 ਤੋਂ ਵਧ ਪ੍ਰਾਣੀਆਂ ਨੂੰ ਅਕਾਲ ਪੁਰਖ ਦੀ ਸ੍ਰਿਸ਼ਟੀ ਦੇਖਣ ਤੇ ਮਾਨਣ ਦਾ ਅਵਸਰ ਪ੍ਰਦਾਨ ਕੀਤਾ। ਇਹ ਹਸਪਤਾਲ ਅਜ ਦੇਸ਼ ਵਿਚ ਹੀ ਨਹੀਂ ਸਗੋਂ ਏਸ਼ੀਏ ਦੇ ਚੋਣਵੇਂ ਹਸਪਤਾਲਾਂ ਵਿਚੋਂ ਇਕ ਹੈ।

## *ਮਲਟੀਪਲ ਸਪੈਸ਼ਲਿਸਟੀ ਹਸਪਤਾਲ*

ਵੀਰ ਜੀ ਨੇ ਅਨੁਭਵ ਕੀਤਾ ਕਿ ਹਸਪਤਾਲ ਦੇ ਨਾਲ ਬਹੁਤ ਗਰੀਬ ਲੋਕ ਰਹਿੰਦੇ ਹਨ ਤੇ ਅਜੋਕੇ ਯੁਗ ਵਿਚ ਸਿਹਤ ਸੇਵਾਵਾਂ ਤੇ ਦਵਾਈਆਂ ਬਹੁਤ ਮਹਿੰਗੀਆਂ ਹਨ ਤੇ ਇਨ੍ਹਾਂ ਗਰੀਬ ਲੋਕਾਂ ਨੂੰ ਅੱਖਾਂ ਦੇ ਨਾਲ ਨਾਲ ਹਰ ਕਿਸਮ ਦੀਆਂ ਸਿਹਤ ਸੇਵਾਵਾਂ ਦੀ ਬਹੁਤ ਲੋੜ ਹੈ। ਇਨ੍ਹਾਂ ਦੀਆਂ ਜ਼ਰੂਰਤਾਂ ਨੂੰ ਮੁਖ ਰਖਦੇ ਹੋਏ 2001 ਵਿਚ ਅੱਖਾਂ ਦੇ ਹਸਪਤਾਲ ਨੂੰ ਮਲਟੀਪਲ ਸਪੈਸ਼ਲਿਸਟੀ ਹਸਪਤਾਲ ਵਿਚ ਬਦਲਿਆ ਅਤੇ ਇਸ ਵਿਚ ਸਾਰੇ ਵਿਭਾਗ ਸਥਾਪਿਤ ਕੀਤੇ। ਹੁਣ ਇਸ ਵਿਚ ਦੰਦਾਂ ਦਾ, ਹੱਡੀਆਂ ਦਾ, ਚਮੜੀ ਦਾ, ਗੈਨੀ ਦਾ, ਜੋੜਾਂ ਦਾ, ਬੱਚਿਆਂ ਦੀ ਸਪੈਸ਼ਲ ਵਿੰਗ, ਐਕਸਰੇ, ਅਲਟਰਾਸਾਊਂਡ ਦੇ ਵੱਖੋ ਵੱਖਰੇ ਵਿਭਾਗ ਹਨ। ਐਮਰਜੈਂਸੀ ਸੇਵਾਵਾਂ ਵੀ ਉਪਲਬਧ ਹਨ। ਗਰੀਬਾਂ ਅਤੇ ਬੇਸਹਾਰਿਆਂ ਲਈ ਇਹ ਹਸਪਤਾਲ ਵਰਦਾਨ ਹੈ।



## ਸੰਗੀਤ ਅਕੈਡਮੀ ਦੀ ਸਥਾਪਨਾ

ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਵੀਰ ਜੀ ਦੇ ਪ੍ਰੇਰਨਾ ਸਰੋਤ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲੇ ਸਨ। ਵੀਰ ਜੀ ਹਰ ਸਾਲ ਹੀ ਅਕਾਲ ਆਸ਼ਰਮ ਸੁਹਾਣਾ ਵਿਖੇ ਪੰਜ ਦਿਨਾਂ ਵਿਸ਼ੇਸ਼ ਗੁਰਮਤਿ ਸਮਾਗਮ ਮਾਰਚ ਤੇ ਅਪ੍ਰੈਲ ਦੇ ਆਰੰਭਕ ਸਪਤਾਹ ਵਿਚ ਕਰਾਉਂਦੇ ਸਨ। ਮਿਤੀ 30-3-2004 ਤੋਂ 3-4-2004 ਤਕ ਦੇ ਇਸ ਸਮਾਗਮ ਦੀ ਉਚੇਚੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਾਰ ਅੰਮ੍ਰਿਤ ਸੰਚਾਰ ਦਾ ਬਹੁਤ ਵਡੀ ਪਧਰ ਤੇ ਪ੍ਰਬੰਧ ਕੀਤਾ ਗਿਆ। ਅੰਮ੍ਰਿਤ ਦਾ ਬਾਟਾ ਵੀ ਪੰਜ ਸਿੰਘ ਸਾਹਿਬਾਨ ਜਿਸ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਛੁਟ ਤਖਤ ਦਮਦਮਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਨੇ ਅੰਮ੍ਰਿਤ ਸੰਚਾਰ ਵਿਚ ਭਾਗ ਲਿਆ ਜੋ ਕਿ ਮਿਤੀ 2-4-2005 ਨੂੰ ਸੁਹਾਣਾ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ਼ ਨਾਲ ਹੋਇਆ। ਇਸ ਵਿਚ 2500 ਪ੍ਰਾਣੀ ਗੁਰੂ ਵਾਲੇ ਬਣੇ। ਇਹ ਪ੍ਰਾਣੀ ਪਾਨੀਪਤ, ਹਰਿਆਣਾ, ਅਜਨਾਲਾ, ਪਟਿਆਲਾ, ਲੁਧਿਆਣਾ, ਜਲੰਧਰ ਆਦਿ ਵੱਖ ਵੱਖ ਸ਼ਹਿਰਾਂ ਵਿਚੋਂ ਆਏ ਸਨ। ਸਭ ਤੋਂ ਵਧ ਪ੍ਰਾਣੀ ਗੁਰਸ਼ਬਦ ਪ੍ਰਚਾਰ ਸਭਾ (ਸੁਹਾਣਾ) ਦੀ ਬਰਾਂਚ ਜਲੰਧਰ ਵਲੋਂ ਆਏ। ਜਿਥੇ ਇਸ ਸਮਾਗਮ ਵਿਚ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਭਾਗ ਲਿਆ ਉਥੇ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਵੀ ਹਾਜ਼ਰੀ ਭਰੀ। ਵੀਰ ਜੀ ਨੇ 2-4-2005 ਨੂੰ ਵਿਸ਼ਾਲ ਇਕੱਠ ਵਿਚ ਉਪਰੋਕਤ ਭਾਈ ਮਰਦਾਨਾ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ ਦਾ ਐਲਾਨ ਕੀਤਾ ਭਾਵੇਂ ਅਜਿਹੀਆਂ ਅਕੈਡਮੀਆਂ ਪਹਿਲਾਂ ਵੀ ਹਨ ਪਰ ਵੀਰ ਜੀ



ਦੀ ਇਸ ਅਕੈਡਮੀ ਦਾ ਟੀਚਾ ਨਿਰੋਲ ਗੁਰਮਤਿ ਅਨੁਸਾਰ ਮਿਸ਼ਨਰੀਆਂ ਨੂੰ ਤਿਆਰ ਕਰਨਾ ਹੈ ਜੋ ਕਿ ਕੇਵਲ ਸਿੱਖੀ ਅਤੇ ਰਹਿਤ ਮਰਿਆਦਾ ਅਨੁਸਾਰ ਕੰਮ ਕਰਨਗੇ। ਇਸ ਕੰਮ ਲਈ ਸੁੰਦਰ ਇਮਾਰਤ ਪਹਿਲਾਂ ਹੀ ਤਿਆਰ ਹੋ ਚੁਕੀ ਹੈ। ਗੁਰਮਤਿ ਸੰਗੀਤ ਦੇ ਮਾਹਿਰ ਭਾਈ ਤੇਜਿੰਦਰ ਸਿੰਘ ਸ਼ਿਮਲੇ ਵਾਲਿਆਂ ਨੂੰ ਕੋਹਲੀ ਸਾਹਿਬ ਦੀ ਹਾਜ਼ਰੀ ਵਿਚ ਮਿਲਾਇਆ ਤੇ ਇਸ ਦੀ ਰੂਪ ਰੇਖਾ ਤਿਆਰ ਕਰਨ ਲਈ ਕਿਹਾ ਜਿਸ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਆਈ ਹਸਪਤਾਲ ਸੁਹਾਣਾ ਦੇ ਟਰੱਸਟ ਨੇ ਪ੍ਰਵਾਨਗੀ ਦਿੱਤੀ ਹੈ।

*ਸੰਗੀਤ ਅਕੈਡਮੀ ਦੀ ਸਥਾਪਨਾ ਦੇ ਪਿਛੋਕੜ* ਬਾਰੇ ਵੀਰ ਜੀ ਨੇ ਦਸਿਆ ਕਿ ਉਨ੍ਹਾਂ ਨੂੰ ਦੋ ਢਾਈ ਸਾਲ ਪਹਿਲਾਂ ਇਕ ਰਬਾਬ ਬਹੁਤ ਵੱਡੇ ਇਕੱਠ ਵਿਚ ਭੇਟ ਹੋਈ। ਗੁਰੂ ਦੀ ਬਖਸ਼ਿਸ਼ ਜਾਣ ਕੇ ਇਸ ਨੂੰ ਸਵੀਕਾਰ ਤਾਂ ਕਰਨਾ ਹੀ ਸੀ ਪਰ ਉਨ੍ਹਾਂ ਦੇ ਮਨ ਵਿਚ ਇਹ ਖਿਆਲ ਵਾਰ ਵਾਰ ਆ ਰਿਹਾ ਸੀ ਕਿ ਉਨ੍ਹਾਂ ਨੂੰ ਤਾਂ ਕੋਈ ਸਾਜ਼ ਵਜਾਉਣਾ ਹੀ ਨਹੀਂ ਆਂਦਾ। ਸੰਗੀਤ ਦੀ ਸਮਝ ਭੋਰਾ ਨਹੀਂ ਤਾਂ ਫਿਰ ਗੁਰੂ ਜੀਂ ਨ ਇਹ ਰਬਾਬ ਦੀ ਬਖਸ਼ਿਸ਼ ਕਿਉਂ ਕੀਤੀ? ਭਾਵੇਂ ਇਹ ਰਬਾਬ ਤਾਂ ਅਗੇ ਭੇਟ ਕਰ ਦਿਤੀ ਪਰ ਵੀਰ ਜੀ ਨੇ ਸੋਚ ਵਿਚਾਰ ਤੋਂ ਇਹ ਸਿਟਾ ਕਢਿਆ ਕਿ ਇਸ ਰਬਾਬ ਦਾ ਮੰਤਵ ਗੁਰਮਤਿ ਸੰਗੀਤ ਨੂੰ ਪ੍ਰਫੁਲਿਤ ਕਰਨਾ ਅਤੇ ਪ੍ਰਚਾਰ ਕਰਨਾ ਹੈ। ਇਸ ਲਈ ਇਤਨਾ ਲੰਮਾ ਸਮਾਂ ਸੋਚ ਵਿਚਾਰ ਉਪ੍ਰੰਤ ਉਨ੍ਹਾਂ ਇਸ ਅਕੈਡਮੀ ਦਾ ਐਲਾਨ ਕੀਤਾ ਹੈ ਤੇ ਨਾਲ ਹੀ ਇਹ ਨਿਸਚਾ ਦੋਹਰਾਇਆ ਕਿ ਬਹੁਤ ਜਲਦੀ ਕੁਝ ਵਿਦਿਆਰਥੀ ਤਿਆਰ ਹੋ ਜਾਣਗੇ ਤੇ ਉਨ੍ਹਾਂ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਇਨ੍ਹਾਂ ਤੰਤੀ ਸਾਜ਼ਾਂ ਰਾਹੀਂ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਵਾਏ ਜਾਣ ਲਈ ਗੁਰੂ ਪਾਸੋਂ ਬਖਸ਼ਿਸ਼ ਦੀ ਜਾਚਨਾ ਕੀਤੀ ਜਾਵੇਗੀ।



## ਮਨ ਦੀ ਮਨ ਮਹਿ ਰਹੀ।

ਵਾਹਿਗੁਰੂ ਅਗੇ ਅਰਦਾਸ ਹੈ ਕਿ ਇਹ ਟਰੱਸਟ ਵੀਰ ਜੀ ਦੇ ਇਸ ਸੁਪਨੇ ਨੂੰ ਜ਼ਰੂਰ ਸਾਕਾਰ ਕਰੇਗਾ।

### ਗੁਰੂ ਗ੍ਰੰਥ ਸਾਹਿਬ ਦੀ ਅਦਭੁਤ ਖੇਡ

ਜਦੋਂ ਵੀਰ ਜੀ ਨੇ ਕੋਈ ਵੀ ਸਾਜ਼ ਨਾ ਜਾਨਣ ਤੇ ਸੰਗੀਤ ਦੇ ਗਿਆਨ ਤੋਂ ਅਨਜਾਣਤਾ ਦਰਸਾਈ ਤਾਂ ਦਾਸ ਦੇ ਮਨ ਵਿਚ ਇਹ ਸਵਾਲ ਉਠਣਾ ਕੁਦਰਤੀ ਸੀ ਕਿ ਵੀਰ ਜੀ ਤਾਂ ਬਹੁਤ ਵਧੀਆ ਕੀਰਤਨ ਨਿਸ਼ਕਾਮ ਭਾਵਨਾ ਨਾਲ ਵਡੀਆਂ ਵਡੀਆਂ ਸਟੇਜਾਂ ਅਤੇ ਵੱਡੇ ਵਡੇ ਇਕੱਠਾਂ ਵਿਚ ਸਫਲਤਾ ਸਹਿਤ ਕਰਦੇ ਹਨ ਅਤੇ ਸੰਗਤਾਂ ਦਾ ਹੜ੍ਹ ਆ ਜਾਂਦਾ ਹੈ ਸੁਣਨ ਲਈ। ਭਾਵੇਂ ਕੋਈ ਸਥਾਨ, ਕੋਈ ਸਮਾਂ ਤੇ ਕੋਈ ਵੀ ਮਿਤੀ ਕਿਉਂ ਨਾ ਹੋਵੇ। ਮੇਰੇ ਕਹਿਣ ਤੋਂ ਭਾਵ ਹੈ ਕਿ ਆਮ ਤੌਰ ਤੇ ਚੰਗੇ ਰਾਗੀ (ਮਾਇਆ ਵਧ ਲੈਣ ਵਾਲੇ) ਪ੍ਰਬੰਧਕਾਂ ਪਾਸੋਂ ਐਸਾ ਸਮਾਂ ਮੰਗਦੇ ਹਨ ਜਦੋਂ ਸੰਗਤ ਜ਼ਿਆਦਾ ਹੋਵੇ ਜਿਵੇਂ ਕਿ ਰਾਤ 8 ਤੋਂ 10 ਵਜੇ ਦਾ ਜਾਂ ਦਿਨੇ 11 ਤੋਂ 1 ਵਜੇ ਦੇ ਦਰਮਿਆਨ ਦਾ। ਪ੍ਰੰਤੂ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਵੀਰ ਜੀ ਕਿਸੇ ਵੀ ਸਮੇਂ ਕੀਰਤਨ ਕਰਨ ਭਾਵੇਂ ਉਹ ਸਵੇਰੇ 3 ਵਜੇ ਦਾ ਹੋਵੇ, 8 ਵਜੇ ਹੋਵੇ ਜਾਂ ਦੁਪਹਿਰ 3 ਵਜੇ ਦਾ ਹੋਵੇ ਜਾਂ ਰਾਤ 10 ਵਜੇ ਹੋਵੇ ਸੰਗਤਾਂ ਦਾ ਇਕੱਠ ਠਾਠਾਂ ਮਾਰਦਾ ਜੁੜਦਾ ਸੀ। ਇਹ ਗੁਰੂ ਦੀ ਬਖਸ਼ਿਸ਼ ਹੈ। ਸਵਾਲ ਮੇਰਾ ਉਥੇ ਹੀ ਹੈ ਕਿ ਵੀਰ ਜੀ ਕਹਿੰਦੇ ਸਨ ਕਿ ਉਨ੍ਹਾਂ ਨੂੰ ਵਾਜਾ ਵਜਾਉਣਾ ਨਹੀਂ ਆਉਂਦਾ, ਰਾਗ ਨਹੀਂ ਆਉਂਦਾ ਤਾਂ ਫਿਰ ਗੁਰੂ ਜੀ ਦੀ ਕਰਾਮਾਤ ਹੀ ਹੈ।



ਇਹ ਗੁਰੂ ਗ੍ਰੰਥ ਸਾਹਿਬ ਦੀ ਖੇਡ ਹੈ ਜੋ ਕਿ ਦਾਸ ਨੇ ਉਨ੍ਹਾਂ ਤੋਂ ਸੁਣੀ। ਵੀਰ ਜੀ ਇਸ ਦਿਨ ਵਜਦ ਵਿਚ ਸਨ ਜਾਂ ਗੁਰੂ ਦੀ ਦਾਸਾਂ ਤੇ ਇਤਨੀ ਕਿਰਪਾ ਸੀ ਕਿ ਇਸ ਦਿਨ ਭਾਵ 2-4-2005 ਨੂੰ ਵੀਰ ਜੀ ਆਪਣੇ ਵਾਜਾ ਸਿਖਣ ਤੇ ਸੰਗੀਤ ਬਾਰੇ ਦਸਦੇ ਰਹੇ। ਉਨ੍ਹਾਂ ਬਚਨ ਕੀਤਾ ਕਿ ਅਜ ਤੋਂ 22 ਸਾਲ ਪਹਿਲਾਂ ਉਹ ਲੁਧਿਆਣੇ ਕੀਰਤਨ ਕਰਨ ਲਈ ਬਸ ਵਿਚੋਂ ਆਪਣੇ ਸਾਥੀਆਂ ਨਾਲ ਚੌਂਕ ਵਿਚ ਉਤਰੇ ਤਾਂ ਅਗੋਂ ਇਕ ਬਹੁਤ ਪ੍ਰਸਿਧ ਰਾਗੀ ਜਥਾ ਮਿਲਿਆ। ਵੀਰ ਜੀ ਨੇ ਵਾਜੇ ਦੀ ਪੇਟੀ ਮੋਢੇ ਤੇ ਲਟਕਾਈ ਹੋਈ ਸੀ ਤਾਂ ਰਾਗੀ ਜਥੇ ਨੇ (ਜੋ ਕਿ ਬਹੁਤ ਪ੍ਰਸਿਧ ਰਾਗੀ ਜਥਾ ਹੈ, ਵੀਰ ਜੀ ਨੇ ਉਨ੍ਹਾਂ ਦਾ ਨਾਂ ਨਹੀਂ ਦਸਿਆ) ਕਿਹਾ ਵੀਰ ਜੀ ਜਦੋਂ ਤੁਹਾਨੂੰ ਵਾਜਾ ਵਜਾਉਣਾ ਹੀ ਨਹੀਂ ਆਉਂਦਾ ਤਾਂ ਤੁਸੀਂ ਇਹ ਭਾਰ ਕਿਉਂ ਚੁਕੀ ਫਿਰਦੇ ਹੋ। ਵੀਰ ਜੀ ਨੇ ਨਿਮਰਤਾ ਨਾਲ ਉਤਰ ਦਿਤਾ ਕਿ ਭਾਈ ਸਾਹਿਬ ਮੈਂ ਇਹ (ਪੇਟ ਵਲ ਹਥ ਕਰ ਕੇ) 80 ਕਿਲੋ ਦਾ ਭਾਰ ਵੀ ਤਾਂ ਚੁਕੀ ਫਿਰਦਾ ਹਾਂ, ਵਜਦਾ ਤਾਂ ਇਹ ਵੀ ਨਹੀਂ ਸੋ ਇਸ ਭਾਰ ਦਾ ਮੈਨੂੰ ਕੋਈ ਰੰਜ ਨਹੀਂ। ਖੈਰ ਰਾਗੀ ਸਾਹਿਬ ਆਪਣੇ ਰਾਹ ਪੈ ਗਏ ਤੇ ਵੀਰ ਜੀ ਰਿਕਸ਼ੇ ਤੇ ਚੜ੍ਹਣ ਲਗੇ ਤਾਂ ਇਤਨੇ ਨੂੰ ਪਿਛੋਂ ਇਕ ਕਾਰ ਆਈ ਜਿਸ ਨੂੰ ਇਕ ਮਹਾਤਮਾ ਚਲਾ ਰਹੇ ਸਨ, ਕਾਰ ਖੜੀ ਹੋ ਗਈ।

ਉਹ ਵੀਰ ਜੀ ਨੂੰ ਜਾਣਦੇ ਸਨ ਪਰ ਵੀਰ ਜੀ ਦਾ ਉਨ੍ਹਾਂ ਨਾਲ ਕੋਈ ਮੇਲ ਜੋਲ ਨਹੀਂ ਸੀ, ਨਾ ਹੀ ਕਦੀ ਉਨ੍ਹਾਂ ਦੇ ਡੇਰੇ ਤੇ ਗਏ ਸਨ। ਉਹ ਮਹਾਤਮਾ ਜੀ ਵੀਰ ਜੀ ਨੂੰ ਕਹਿਣ ਲਗੇ ਤੁਸੀਂ ਕਾਰ ਵਿਚ ਬੈਠ ਜਾਉ ਜਿਥੇ ਤੁਸੀਂ ਜਾਣਾ ਹੈ ਤੁਹਾਡੀ ਮੰਜਲ 'ਤੇ ਤੁਹਾਨੂੰ ਮੈਂ ਪਹੁੰਚਾਣਾ ਹੈ। ਵੀਰ ਨੇ ਦਸਿਆ ਕਿ ਉਹ ਬੈਠ ਗਏ ਤਾਂ ਉਨ੍ਹਾਂ ਨਾਲ ਗਲ ਬਾਤ ਸ਼ੁਰੂ ਹੋਈ। ਵੀਰ ਜੀ ਨੇ ਸਾਰੀ ਵਾਰਤਾ ਜੋ ਕਿ ਰਾਗੀ ਜਥੇ ਨਾਲ ਹੋਈ ਸੀ, ਮਹਾਤਮਾ ਜੀ ਨੂੰ ਦੱਸੀ। ਮਹਾਤਮਾ ਜੀ ਖਿੜ ਖਿੜਾ ਕੇ ਹੱਸੇ.



ਇਤਨੇ ਹੱਸੇ ਕਿ ਕਾਰ ਦਾ ਸਟੇਰਿੰਗ ਡੋਲਣ ਲਗਾ। ਵੀਰ ਜੀ ਨੇ ਮਹਾਤਮਾ ਜੀ ਨੂੰ ਕਾਰ ਧਿਆਨ ਨਾਲ ਚਲਾਉਣ ਲਈ ਬਿਨੈ ਕੀਤੀ ਤਾਂ ਮਹਾਤਮਾ ਨੇ ਵੀਰ ਜੀ ਨੂੰ ਦੋ ਗੱਲਾਂ ਦਸੀਆਂ। ਪਹਿਲੀ ਤਾਂ ਇਹ ਕਿ ਅਜ ਤੋਂ ਬਾਅਦ ਤੁਸੀਂ ਕਦੀ ਬਸ ਵਿਚ ਸਫਰ ਨਹੀਂ ਕਰੋਗੇ ਅਤੇ ਦੂਜੀ ਇਹ ਕਿ ਜੋ ਤੁਸੀਂ ਕਿਹਾ ਹੈ ਪੇਟ ਵਲ ਇਸ਼ਾਰਾ ਕਰ ਕੇ ਕਿ ਇਹ ਵਜਦਾ ਨਹੀਂ ਅਜ ਤੋਂ ਬਾਅਦ ਇਹ ਵਜੇਗਾ। ਇਸ ਉਪਰੰਤ ਵੀਰ ਜੀ ਦੀ ਮੰਜ਼ਲ ਆ ਗਈ। ਵੀਰ ਜੀ ਕਾਰ ਤੋਂ ਉਤਰ ਗਏ ਮਹਾਤਮਾ ਜੀ ਚਲੇ ਗਏ।

ਵੀਰ ਜੀ ਕਹਿੰਦੇ ਸਨ ਕਿ ਉਹ ਉਸ ਦਿਨ ਵੀ ਜਦ ਕੀਰਤਨ ਸਮਾਪਤ ਹੋਇਆ ਤਾਂ ਇਕ ਗੁਰਮੁਖ ਸਜਣ ਆ ਕੇ ਕਹਿਣ ਲਗੇ ਕਿ ਵੀਰ ਜੀ ਤੁਸੀਂ ਖੰਨੇ ਜਾਣਾ ਹੈ ਤਾਂ ਉਹ ਉਧਰ ਹੀ ਜਾ ਰਹੇ ਹਨ ਉਨ੍ਹਾਂ ਨਾਲ ਕਾਰ ਵਿਚ ਜਾਣ। ਉਸ ਤੋਂ ਬਾਅਦ ਕਦੀ ਵੀ ਉਸ ਮਹਾਤਮਾ ਨੂੰ ਨਹੀਂ ਮਿਲੇ ਪਰ ਇਹ ਸਚਾਈ ਹੈ ਉਸ ਦਿਨ ਤੋਂ ਬਾਅਦ ਅਜ ਤਕ ਉਨ੍ਹਾਂ ਨੇ ਬਸ ਵਿਚ ਸਫਰ ਨਹੀਂ ਕੀਤਾ। ਭਾਵੇਂ ਉਸ ਸਮੇਂ ਉਨ੍ਹਾਂ ਕੋਲ ਕਾਰ ਨਹੀਂ ਸੀ ਪਰ ਵਾਹਿਗੁਰੂ ਦੀ ਖੇਡ ਜਿਥੇ ਵੀ ਕਿਸੇ ਕੀਰਤਨ ਲਈ ਕਹਿਣਾ ਉਸਨੇ ਆਪ ਹੀ ਨਾਲ ਹੀ ਕਹਿ ਦੇਣਾ ਕਿ ਕਾਰ ਭੇਜ ਦਿਆਂਗੇ। ਇਸ ਤਰ੍ਹਾਂ ਕਿਸੇ ਨਾ ਕਿਸੇ ਕਾਰ ਤੇ ਹੀ ਇਹ ਖੇਡ ਚਲਦੀ ਰਹੀ ਤੇ ਸਮੇਂ ਅਨੁਸਾਰ ਵਾਹਿਗੁਰੂ ਨੇ ਇਤਨੀ ਰਹਿਮਤ ਤੇ ਬਖਸ਼ਿਸ਼ ਕੀਤੀ ਕਿ ਅਜ ਟਰੱਸਟ ਕੋਲ ਕਈ ਕਾਰਾਂ ਹਨ ਤੇ ਇਹ ਅਚਰਜ ਖੇਡ ਜਾਰੀ ਹੈ। ਮੇਰਾ ਸਵਾਲ ਅਜੇ ਵੀ ਉਥੇ ਹੀ ਸੀ ਕਿ ਵੀਰ ਜੀ ਤੁਸੀਂ ਵਾਜਾ ਨਹੀਂ ਜਾਣਦੇ ਤਾਂ ਇਹ ਵਜਦਾ ਕਿਵੇਂ ਹੈ।



ਵੀਰ ਜੀ ਨੇ ਇਹ ਸਾਰੀ ਵਿਥਿਆ ਸੁਣਾਈ ਕਿ ਮਹਾਤਮਾ ਜੀ ਦੇ ਬਸ ਵਾਲੀ ਗਲ ਤਾਂ ਠੀਕ ਨਿਕਲੀ ਪਰ ਮੈਂ ਉਨ੍ਹਾਂ ਦਾ ਦੂਜਾ ਬਚਨ ਕਿ ਇਹ (ਪੇਟ) ਵਾਜਾ ਵੀ ਆਪੇ ਵਜੇਗਾ, ਭੁਲ ਗਿਆ। ਇਸ ਲਈ ਮੈਂ ਇਕ ਉਸਤਾਦ ਕੋਲ ਗਿਆ ਤੇ ਇਕ ਪਗ ਭੇਟਾ ਕਰਕੇ ਉਨ੍ਹਾਂ ਦਾ ਵਿਦਿਆਰਥੀ ਬਣਨ ਦੀ ਇਛਾ ਪਰਗਟ ਕੀਤੀ ਕਿ ਮੈਨੂੰ ਵਾਜਾ ਸਿਖਾਉ। ਉਸਤਾਦ ਜੀ ਨੇ ਗਲ ਪ੍ਰਵਾਨ ਕਰ ਲਈ ਤੇ ਇਕ ਸਰਗਮ *ਸਾ-ਰੇ-ਗਾ-ਮਾ-ਪਾ* ਸਿਖਾਈ ਪਰ ਵਾਹਿਗੁਰੂ ਨੇ ਇਕ ਐਸੀ ਖੇਡ ਰਚਾਈ ਕਿ ਇਕ ਰਾਗੀ ਨੇ ਦੂਜੇ ਦਿਨ ਹੀ ਇਕ ਦੀਵਾਨ ਵਿਚ ਇਹ ਕਹਿ ਦਿਤਾ ਕਿ ਜੋ ਵੀ ਭਾਈ ਜਸਬੀਰ ਸਿੰਘ ਨੂੰ ਵਾਜਾ ਸਿਖਾਏਗਾ ਉਹ ਕੋਹੜੀ ਹੋ ਕੇ ਮਰੇਗਾ। ਅਗਲੇ ਦਿਨ ਜਦੋਂ ਵੀਰ ਜੀ ਉਸਤਾਦ ਕੋਲ ਗਏ ਤਾਂ ਉਸਤਾਦ ਜੀ ਕਹਿਣ ਲਗੇ ਕਿ ਅਜ ਮੇਰੀ ਤਬੀਅਤ ਠੀਕ ਨਹੀਂ। ਇਸੇ ਤਰ੍ਹਾਂ ਚਾਰ ਪੰਜ ਦਿਨ ਉਸਤਾਦ ਜੀ ਨੇ ਕੋਈ ਪਲਾ ਨਾ ਫੜਾਇਆ ਤਾਂ ਵੀਰ ਜੀ ਸਮਝ ਗਏ ਕਿ ਉਸਤਾਦ ਜੀ ਉਤੇ ਰਾਗੀ ਸਿੰਘ ਦੀ ਕਹੀ ਗਲ ਦਾ ਅਸਰ ਹੈ ਕਿ ਭਾਈ ਜਸਬੀਰ ਸਿੰਘ ਨੂੰ ਜੋ ਕੋਈ ਵਾਜਾ ਸਿਖਾਏਗਾ ਉਹ ਕੋਹੜੀ ਹੋ ਕੇ ਮਰੇਗਾ। ਵੀਰ ਜੀ ਨੇ ਦਸਿਆ ਕਿ ਉਹ ਅਜੇ ਤਕ ਉਸ ਨੂੰ ਉਸਤਾਦ ਮੰਨਦੇ ਹਨ ਤੇ ਹਰ ਸਾਲ ਉਨ੍ਹਾਂ ਨੂੰ ਪੱਗ ਵੀ ਭੇਟ ਕਰਦੇ ਹਨ ਪਰ ਉਸ ਦਿਨ ਵਿਦਿਆਰਥੀ ਹੋਣ ਦੇ ਨਾਤੇ ਉਨ੍ਹਾਂ ਨੂੰ ਦੁਖ ਲਗਾ ਤੇ ਵੀਰ ਜੀ ਨੇ ਉਸਤਾਦ ਜੀ ਨੂੰ ਕਿਹਾ ਕਿ ਮੈਂ ਤੁਹਾਨੂੰ ਕੋਹੜੀ ਹੋ ਕੇ ਮਰਨ ਨਹੀਂ ਦੇਣਾ ਇਸ ਲਈ ਅਜ ਤੋਂ ਬਾਅਦ ਮੈਂ ਵਾਜਾ ਸਿਖਣ ਨਹੀਂ ਆਵਾਂਗਾ।

7 ਮਾਰਚ ਨੂੰ ਗਿਆਨੀ ਨਿਰੰਜਣ ਸਿੰਘ ਜੀ ਪਟਿਆਲੇ ਵਾਲਿਆਂ ਨੇ ਵੀਰ ਜੀ ਨੂੰ ਕਿਹਾ ਕਿ 9 ਮਾਰਚ ਨੂੰ ਉਨ੍ਹਾਂ ਮਨੀ ਮਾਜਰੇ ਇਕ ਦੀਵਾਨ ਵਿਚ ਕੀਰਤਨ ਕਰਨਾ ਹੈ ਪਰ ਉਹ ਜਾ ਨਹੀਂ ਸਕਦੇ ਇਸ ਲਈ ਉਥੇ ਤੁਸੀਂ ਜਾ ਕੇ ਕੀਰਤਨ ਕਰੋ।



ਵੀਰ ਜੀ ਨੇ ਸਹਿਜ ਸੁਭਾਅ ਹੀ ਸਹਿਮਤੀ ਪ੍ਰਗਟ ਕਰ ਦਿਤੀ ਪਰ ਫਿਰ ਖਿਆਲ ਆਇਆ, ਤਾਂ ਉਨ੍ਹਾਂ ਗਿਆਨੀ ਜੀ ਨੂੰ ਕਿਹਾ ਕਿ "ਮੈਨੂੰ ਤਾਂ ਵਾਜਾ ਹੀ ਨਹੀਂ ਆਂਦਾ। ਮੈਂ ਇਸ ਵਡੇ ਦੀਵਾਨ ਵਿਚ ਕੀਰਤਨ ਕਿਵੇਂ ਕਰਾਂਗਾ" ਗਿਆਨੀ ਜੀ ਕਹਿਣ ਲਗੇ ਸਮਾਂ ਬਹੁਤ ਘਟ ਹੈ ਹੁਣ ਕੀ ਕੀਤਾ ਜਾਵੇ। ਫਿਰ ਗਿਆਨੀ ਜੀ ਕਹਿਣ ਲਗੇ ਤੂੰ ਗੁਰੂ ਗ੍ਰੰਥ ਸਾਹਿਬ ਕੋਲੋਂ ਵਾਜਾ ਸਿਖ। ਵੀਰ ਜੀ ਹੁਕਮ ਮੰਨ ਕੇ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਆਸਣ ਦਾ ਸਥਾਨ ਹੈ, ਉਥੇ ਚਲੇ ਗਏ, ਵਾਜਾ ਰਖਿਆ ਤੇ ਅਰਜ਼ੋਈ ਕੀਤੀ ਕਿ ਸੱਚੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਿਰਪਾ ਕਰਕੇ ਦਾਸ ਨੂੰ ਵਾਜਾ ਸਿਖਾਉ।

ਵੀਰ ਜੀ ਨੇ ਬੱਤੀ ਬੰਦ ਕਰ ਲਈ ਤਾਂ ਕੁਝ ਸਮੇਂ ਬਾਅਦ ਵੀਰ ਜੀ ਦੀਆਂ ਉਂਗਲਾ ਨੇ ਵਾਜੇ ਤੇ ਇਹ ਧੁਨ ਕੱਢੀ ਜੋ ਕਿ ਅਜ ਤਕ ਵੀਰ ਜੀ ਕੀਰਤਨ ਆਰੰਭ ਕਰਨ ਤੋਂ ਪਹਿਲਾਂ ਵਾਹਿਗੁਰੂ  ਵਾਹਿਗੁਰੂ ਦਾ ਜਾਪ ਕਰਦੇ ਹਨ। ਬਸ ਫਿਰ ਕੀ ਸੀ ਗੁਰੂ ਗਰੰਥ ਸਾਹਿਬ ਦੀ ਕਿਰਪਾ ਅਜ ਤਕ ਵੀਰ ਜੀ ਉਸੇ ਧੁਨ ਤੇ ਸ਼ਬਦ ਪੜ੍ਹਦੇ ਹਨ ਤੇ ਸਾਰੀਆਂ ਸੁਰਾਂ ਉਥੋਂ ਹੀ ਪ੍ਰਗਟ ਹੁੰਦੀਆਂ ਹਨ। ਵੀਰ ਜੀ ਨੂੰ ਆਪ ਅਜੇ ਤਕ ਵਾਜਾ ਸ਼ਾਇਦ ਵਜਾਉਣਾ ਨਹੀਂ ਆਉਂਦਾ ਪਰ ਇੰਜ ਜਾਪਦਾ ਹੈ ਕਿ ਵੀਰ ਜੀ ਦੇ (ਪੇਟ ਵਾਲਾ) ਵਾਜਾ ਵੀ ਆਪੇ ਵਜਦਾ ਹੈ।



## ਦੂਜੀ ਅਸਚਰਜ ਘਟਨਾ

ਵੀਰ ਜੀ ਕੀਰਤਨ ਕਰਦੇ ਰਹੇ ਅਤੇ ਗੁਰੂ ਜੀ ਦੀ ਬਖਸ਼ਿਸ਼ ਦੀ ਝੜੀ ਵਰ੍ਹਦੀ ਰਹੀ ਫਿਰ ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੇ ਕੀਰਤਨ ਦੀ ਬਖਸ਼ਿਸ਼ ਹੋਈ। ਵੀਰ ਜੀ ਗਏ ਤੇ ਕੀਰਤਨ ਵੀ ਕੀਤਾ। ਪਰ ਵੀਰ ਜੀ ਕੀਰਤਨ ਤੋਂ ਬਾਅਦ ਆਪਣੇ ਆਪ ਨੂੰ ਗੁਰੂ ਦਾ ਦੋਸ਼ੀ ਸਮਝਣ ਲੱਗ ਪਏ ਕਿ ਇਥੇ ਰਾਗਾਂ ਵਿਚ ਕੀਰਤਨ ਹੁੰਦਾ ਹੈ ਪਰ ਮੈਨੂੰ ਤਾਂ ਕੋਈ ਰਾਗ ਆਉਂਦਾ ਹੀ ਨਹੀਂ ਕੀ ਮੈਂ ਗੁਰੂ ਜੀ ਨੂੰ ਧੋਖਾ ਦਿੱਤਾ ਹੈ? ਮੈਂ ਸਾਜ਼ ਰਾਗ ਦਾ ਢੋਂਗ ਕੀਤਾ ਹੈ? ਮੈਂ ਦੋਸ਼ੀ ਹਾਂ, ਤਾਂ ਵੀਰ ਜੀ ਰੋਣ ਲਗ ਪਏ ਤੇ ਰੋਂਦੇ ਹੀ ਰਹੇ।

ਅਚਾਨਕ ਇਕ ਪੁਰਖ ਨੇ ਵੀਰ ਜੀ ਨੂੰ ਕਿਹਾ ਤੁਸੀਂ ਰੋਂਦੇ ਕਿਉਂ ਹੋ? ਵੀਰ ਜੀ ਨੇ ਕਾਰਨ ਦਸਿਆ ਕਿ ਇਸ ਤਰ੍ਹਾਂ ਮੈਂ ਦੋਸ਼ੀ ਹਾਂ ਤਾਂ ਉਸ ਪੁਰਖ ਨੇ ਕਿਹਾ ਤੁਹਾਨੂੰ ਏਨਾ ਕਿਥੋਂ ਵਹਿਮ ਹੋ ਗਿਆ ਕਿ ਤੁਸੀਂ ਕੀਰਤਨ ਕੀਤਾ ਹੈ ਤੁਹਾਨੂੰ ਕੀਰਤਨ ਕਦੋਂ ਆਉਂਦਾ ਹੈ। ਇਹ ਕੀਰਤਨ ਤਾਂ ਆਪ ਸ੍ਰੀ ਗੁਰੂ ਰਾਮਦਾਸ ਜੀ ਨੇ ਕਰਾਇਆ ਹੈ ਤੇ ਜੋ ਸੱਚੇ ਪਾਤਸ਼ਾਹ ਨੇ ਆਪ ਕਰਾਇਆ ਹੈ ਤਾਂ ਤੁਸੀਂ ਦੋਸ਼ੀ ਕਿਵੇਂ? ਵੀਰ ਜੀ ਨੂੰ ਕੁਝ ਤਸੱਲੀ ਹੋਈ ਕਿ ਗਲ ਤਾਂ ਠੀਕ ਹੈ ਮੈਂ ਕੌਣ ਹਾਂ ਕੀਰਤਨ ਕਰਨ ਵਾਲਾ? ਅਜ ਤਕ ਵੀਰ ਜੀ ਜਿਥੇ ਕੀਰਤਨ ਕਰਦੇ ਹਨ ਅੰਤ ਵਿਚ ਇਹ ਜ਼ਰੂਰ ਕਹਿੰਦੇ ਹਨ ਮੈਨੂੰ ਕੁਝ ਨਹੀਂ ਆਉਂਦਾ ਮੈਂ ਸਿਖਣ ਆਉਂਦਾ ਹਾਂ। ਸੰਗਤਾਂ ਦੀ ਅਸੀਸ ਤੇ ਬਖਸ਼ਿਸ਼ ਕਈ ਵਾਰ ਮੰਗਦੇ ਹਨ ਕਿ ਦਾਸ ਨੂੰ ਅਸੀਸਾਂ ਦਿਉ ਤਾਂ ਜੋ ਸੰਗਤਾਂ ਦੀ ਸੇਵਾ ਕਰਕੇ ਆਪਣੇ ਜੀਵਨ ਨੂੰ ਸੁਧਾਰ ਸਕਾਂ।



ਇਹ ਸਾਰੀ ਵਾਰਤਾ ਸੁਣ ਕੇ ਦਾਸ ਨੂੰ ਸਮਝ ਆਈ ਕਿ ਵੀਰ ਜੀ ਇਉਂ ਕਿਉਂ ਹਰ ਦੀਵਾਨ ਵਿਚ ਕਹਿੰਦੇ ਸਨ ਕਿਉਂਕਿ ਕੀਰਤਨ ਗੁਰੂ ਗਰੰਥ ਸਾਹਿਬ ਜੀ ਇਨ੍ਹਾਂ ਤੋਂ ਕਰਾਉਂਦੇ ਹਨ, ਵੀਰ ਜੀ ਆਪ ਨਹੀਂ ਕਰਦੇ। ਸੋ ਜਿਨ੍ਹਾਂ ਦਾ ਅਜਿਹਾ ਪਿਛੋਕੜ ਹੈ ਤਾਂ ਅਸੀਂ ਸਮਝਦੇ ਹਾਂ ਕਿ ਇਸ ਭਾਈ ਮਰਦਾਨਾ ਗੁਰਮਤਿ ਸੰਗੀਤ ਅਕੈਡਮੀ ’ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਆਪ ਬਖਸ਼ਿਸ਼ ਕਰਨਗੇ ਤੇ ਇਸ ਅਕੈਡਮੀ ਦੇ ਵਿਦਿਆਰਥੀ ਵੀ ਕੌਮ ਤੇ ਧਰਮ ਦੀ ਸੇਵਾ ਕਰਨਗੇ। ਦਾਸ ਨੇ ਕੇਵਲ ਉਹ ਹੀ ਗਲਾਂ ਲਿਖੀਆਂ ਜੋ ਵੀਰ ਜੀ ਦੇ ਮੁਖਾਰਬੰਦ ਤੋਂ ਸੁਣੀਆਂ, ਮੇਰੀ ਆਪਣੀ ਸਮਰਥਾ ਵਿਚ ਕੁਝ ਵੀ ਨਹੀਂ।

### *ਵੀਰ ਜੀ ਦੀ ਕਥਾ ਕਰਨੀ*

ਜਿਸ ਤਰ੍ਹਾਂ ਉਪਰ ਦਸਿਆ ਗਿਆ ਹੈ ਕਿ ਵੀਰ ਜੀ ਦੇ ਕੀਰਤਨ ਦਾ ਕੀ ਰਾਜ਼ ਹੈ, ਕਿਵੇਂ ਬਖਸ਼ਸ਼ ਪ੍ਰਾਪਤ ਹੋਈ। ਇਸੇ ਤਰ੍ਹਾਂ ਵੀਰ ਜੀ ਦਾ ਕਥਾ ਦਾ ਵੀ ਪਿਛੋਕੜ ਹੈ ਜੋ ਵੀਰ ਜੀ ਨੇ ਆਪਣੇ ਮੁਖਾਰਬਿੰਦ ਤੋਂ ਦਸਿਆ ਹੈ। ਵੀਰ ਜੀ ਉਚੇਚੇ ਤੌਰ ’ਤੇ ਕਦੇ ਵੀ ਕੋਈ ਗਲ ਬਾਤ ਨਹੀਂ ਕਰਦੇ ਸਨ ਸਗੋਂ ਸਧਾਰਨ ਗਲ ਬਾਤ ਵਿਚੋਂ ਹੀ ਦਾਸ ਸੁਣ ਕੇ ਰਾਤ ਨੂੰ ਘਰ ਆ ਕੇ ਕਲਮਬੰਦ ਕਰ ਲੈਂਦਾ ਸੀ। ਫਿਰ ਜਦੋਂ ਮੇਲ ਹੋਣਾ ਵੀਰ ਜੀ ਨੂੰ ਸੁਣਾ ਦੇਣਾ ਤੇ ਜੇ ਕੋਈ ਗਲਤੀ ਹੋਣੀ ਤਾਂ ਉਨ੍ਹਾਂ ਦਸ ਦੇਣੀ। ਵੀਰ ਜੀ ਬਾਰੇ ਮੇਰੇ ਕੁਝ ਲੇਖ ਸਿਮਰਨ ਵੀਕਲੀ, ਅਕਾਲੀ ਪੱਤਰਕਾ ਅਤੇ ਹੋਰ ਅਖਬਾਰਾਂ ਵਿਚ ਛਪ ਚੁਕੇ ਹਨ ਤੇ ਉਨ੍ਹਾਂ ਵਿਚ ਕੁਝ ਤਰੁਟੀਆਂ ਸਨ ਜੋ ਵੀਰ ਜੀ ਨੇ ਪੜ੍ਹ ਕੇ ਠੀਕ ਕਰਾਈਆਂ ਹਨ ਤੇ ਜੋ ਹੁਣ ਠੀਕ ਕਰਕੇ ਲਿਖੀਆਂ ਜਾ ਰਹੀਆਂ ਹਨ।



ਇਕ ਦਿਨ ਸ. ਉਜਾਗਰ ਸਿੰਘ ਦੇ ਗ੍ਰਿਹਿ ਲਿੰਕ ਕਾਲੋਨੀ ਵਿਚ ਹਰ ਸਾਲ ਦੀ ਤਰ੍ਹਾਂ ਸਮਾਗਮ ਲਈ ਇਕੱਤਰ ਹੋਏ। ਵੀਰ ਜੀ ਦੇ ਬਚਨ ਸੁਣਨ ਲਈ ਕਾਫੀ ਸੰਗਤ ਇਕਠੀ ਹੋ ਜਾਂਦੀ ਸੀ। ਲੰਗਰ ਦੀ ਸੇਵਾ ਸ. ਉਜਾਗਰ ਸਿੰਘ, ਹਰਭਜਨ ਸਿੰਘ ਜੀ ਤੋਂ ਵਾਹਿਗੁਰੂ ਦੀ ਬਖਸ਼ਸ਼ ਨਾਲ ਕੀਤੀ ਜਾਂਦੀ ਸੀ। ਉਥੇ ਗੁਰਪ੍ਰੀਤ ਸਿੰਘ ਰਾਣਾ ਜੀ ਰਾਜਪੁਰੇ ਵਾਲੇ ਆਪਣੀ ਸੁਪਤਨੀ ਗੁਰਇਕਬਾਲ ਕੌਰ ਨਾਲ ਆ ਗਏ ਤਾਂ ਵੀਰ ਜੀ ਨੇ ਹੁਕਮ ਕੀਤਾ ਕਿ ਚਾਹ ਲਿਆਓ। ਰਾਣਾ ਜੀ ਕਹਿਣ ਲਗੇ ਕਿ ਉਹ ਚਾਹ ਪੀ ਕੇ ਆਏ ਹਨ ਤਾਂ ਵੀਰ ਜੀ ਨੇ ਪੁਛਿਆ ਕਿ ਕੀ ਸਹੁਰੇ ਘਰੋਂ ਹੋ ਕੇ ਆਏ ਹੋ ਕਿ ਨਾਨਕੇ ਪਰਿਵਾਰ ਨੂੰ ਮਿਲ ਕੇ ਆਏ ਹੋ। ਰਾਣਾ ਜੀ ਕਹਿਣ ਲਗੇ ਇਹ ਠੀਕ ਹੈ। ਵੀਰ ਜੀ ਨੇ ਕਿਹਾ ਤਾਂ ਫਿਰ ਮੈਨੂੰ ਤਾਂ ਤੁਸੀਂ ਮਿਲਣ ਨਹੀਂ ਆਏ। ਇਸ ਤੇ ਉਨ੍ਹਾਂ ਆਪਣੀ ਹੱਡ ਬੀਤੀ ਸੁਣਾਈ ਕਿ ਉਹ ਵੀ ਇਕ ਵਾਰ ਸੰਤ ਨਿਸਚਲ ਸਿੰਘ ਜੀ ਨੂੰ ਮਿਲਣ ਲਈ ਯਮਨਾ ਨਗਰ ਗਏ।

ਉਥੇ ਉਨ੍ਹਾਂ ਦੇ ਰਿਸ਼ਤੇਦਾਰ ਰਹਿੰਦੇ ਸਨ ਤਾਂ ਵੀਰ ਜੀ ਪਹਿਲਾਂ ਉਥੇ ਚਲੇ ਗਏ ਫਿਰ ਉਨ੍ਹਾਂ ਨੂੰ ਨਾਲ ਲੈ ਕੇ ਸੰਤ ਨਿਸਚਲ ਸਿੰਘ ਜੀ ਦੇ ਡੇਰੇ ਆਏ। ਉਥੇ ਸ਼ਾਮ ਦੇ ਕੀਰਤਨ ਹੋ ਰਹੇ ਸਨ। ਵੀਰ ਜੀ ਮਥਾ ਟੇਕ ਕੇ ਬੈਠ ਗਏ ਤੇ ਸ਼ਬਦ ਸੁਣਦੇ ਰਹੇ। ਵੀਰ ਜੀ ਦੀ ਸਮਾਧੀ ਲਗ ਗਈ, ਕੀਰਤਨ ਖਤਮ ਹੋ ਗਿਆ ਅਤੇ ਸਮਾਪਤੀ ਹੋ ਗਈ ਪਰ ਵੀਰ ਜੀ ਦੀਆਂ ਅੱਖਾਂ ਬੰਦ ਸਨ ਤੇ ਬਿਰਤੀ ਟਿਕੀ ਹੋਈ ਸੀ। ਸੰਤ ਜੀ ਕਹਿਣ ਲਗੇ ਇਨ੍ਹਾਂ ਨੂੰ ਬੁਲਾਉਣਾ ਨਹੀਂ। ਫਿਰ ਕੁਝ ਦੇਰ ਬਾਅਦ ਵੀਰ ਜੀ ਦੀ ਅੱਖ ਖੁਲ੍ਹੀ ਤਾਂ ਉਹ ਬੜੇ ਪ੍ਰੇਸ਼ਾਨ ਹੋ ਗਏ। ਉਥੇ ਕੋਈ ਵੀ ਨਹੀਂ ਸੀ ਤੇ ਵੀਰ ਜੀ ਆਪਣੇ ਰਿਸ਼ਤੇਦਾਰਾਂ ਦੇ ਘਰ ਦਾ ਰਸਤਾ ਵੀ ਨਹੀਂ ਸਨ ਜਾਣਦੇ। ਇਤਨੀ ਦੇਰ ਇਕ ਸੇਵਾਦਾਰ ਜੋ ਕਿ ਕੋਲ ਹੀ ਖੜ੍ਹਾ ਸੀ, ਨੇ ਫਤਹਿ ਬੁਲਾਈ ਤੇ ਕਿਹਾ ਤੁਹਾਨੂੰ



ਸੰਤ ਜੀ ਨੇ ਬੁਲਾਇਆ ਹੈ। ਵੀਰ ਜੀ ਗਏ ਸੰਤ ਜੀ ਮੰਜੇ ਤੇ ਬੈਠੇ ਸਨ। ਸੰਗਤਾਂ ਕਾਫੀ ਗਿਣਤੀ ਵਿਚ ਪਾਸ ਹੀ ਥੱਲੇ ਬੈਠੀਆਂ ਸਨ। ਰਸਤਾ ਨਹੀਂ ਸੀ ਪਰ ਵੀਰ ਜੀ ਸੰਗਤਾਂ ਵਿਚੋਂ ਲੰਘ ਕੇ ਸੰਤਾਂ ਪਾਸ ਪੁਜੇ। ਸੰਤ ਨਿਸਚਲ ਸਿੰਘ ਜੀ ਨੇ ਵੀਰ ਜੀ ਨੂੰ ਮੋਢੇ ਤੋਂ ਖਿਚ ਕੇ ਕੋਲ ਬਿਠਾਇਆ ਅਤੇ ਪੁਛਣ ਲਗੇ ਕਿ ਕਿਧਰ ਆਏ ਹੋ ? ਵੀਰ ਜੀ ਨੇ ਉਤਰ ਦਿਤਾ ਤੁਹਾਨੂੰ ਮਿਲਣ ਆਏ ਹਾਂ। ਸੰਤ ਜੀ ਨੇ ਕਿਹਾ ਕਿ ਮੈਨੂੰ ਮਿਲਣ ਆਉਂਦੇ ਤਾਂ ਸਿਧਾ ਆਉਣਾ ਸੀ ਤੂੰ ਤਾਂ ਰਿਸ਼ਤੇਦਾਰਾਂ ਨੂੰ ਮਿਲਣ ਉਪਰੰਤ ਮੇਰੇ ਕੋਲ ਆਇਆ ਹੈਂ। ਬਚਨ ਬਿਲਾਸ ਹੁੰਦੇ ਰਹੇ ਤਾਂ ਸੰਤ ਜੀ ਕਹਿਣ ਲਗੇ ਕਿ ਵੀਰ ਜੀ ਨੇ ਕੀ ਲੈਣਾ ਹੈ ਵੀਰ ਜੀ ਨੇ ਕਿਹਾ ਕਿ ਤੁਹਾਡੀ ਮਿਹਰ। ਸੰਤ ਜੀ ਨੇ ਕਿਹਾ ਜੋ ਗੁਰੂ ਕਰੇਗਾ। ਵੀਰ ਜੀ ਨੇ ਕਿਹਾ ਨਹੀਂ ਮੈਂ ਤਾਂ ਤੁਹਾਡੇ ਕੋਲੋਂ ਕੁਝ ਲੈ ਕੇ ਹੀ ਜਾਣਾ ਹੈ।

ਵੀਰ ਜੀ ਦਾ ਨਿਸਚਾ ਪੱਕਾ ਦੇਖ ਕੇ ਸੰਤਾਂ ਨੇ ਇਕ ਪੁਸਤਕ ਦਿਤੀ ਜੋ ਕਿ ਪੰਜਾਬੀ ਵਿਚ ਸੀ। ਵੀਰ ਜੀ ਨੇ ਕਿਹਾ ਕਿ ਉਹ ਦਸਵੀਂ ਤਕ ਪੰਜਾਬੀ ਪੜ੍ਹੇ ਤਾਂ ਹਨ ਪਰ ਉਨ੍ਹਾਂ ਨੂੰ ਪੰਜਾਬੀ ਚੰਗੀ ਤਰ੍ਹਾਂ ਆਉਂਦੀ ਨਹੀਂ। ਫਿਰ ਸੰਤ ਜੀ ਨੇ ਇਕ ਜਪੁਜੀ ਸਾਹਿਬ ਦਾ ਟੀਕਾ ਦਿਤਾ ਤੇ ਬਚਨ ਕੀਤਾ ਕਿ ਕਥਾ ਕਰਿਆ ਕਰੋ। ਵੀਰ ਜੀ ਹੈਰਾਨ ਸਨ ਕਿ ਉਹ ਇਤਨੀ ਜਲਦੀ ਕਥਾ ਕਿਵੇਂ ਕਰ ਲੈਣਗੇ। ਸੰਤ ਜੀ ਸਮਝ ਗਏ ਤੇ ਜ਼ੋਰ ਦੀ ਥਾਪੜਾ ਦਿਤਾ ਕਿ ਕਥਾ ਗੁਰੂ ਮਹਾਰਾਜ ਬਖਸ਼ਸ਼ ਕਰਨਗੇ ਤੁਸੀਂ ਤਾਂ ਕੇਵਲ ਉਦਮ ਕਰਨਾ ਹੈ। ਵੀਰ ਜੀ ਖੰਨੇ ਘਰ ਆ ਗਏ ਤੇ ਟੀਕੇ ਤੋਂ ਜਪੁਜੀ ਸਾਹਿਬ ਦੀ ਕਥਾ ਵਿਚਾਰਨ ਲਗੇ ਦੋ ਤਿੰਨ ਦਿਨ ਬਾਅਦ ਵੀਰ ਜੀ ਨੇ ਸੋਚਿਆ ਕਿ ਟੀਕਾ ਨਾਲ ਨਹੀਂ ਰਖਿਆ ਜਾ ਸਕਦਾ। ਇਸ ਲਈ ਉਨ੍ਹਾਂ ਜ਼ਬਾਨੀ ਯਾਦ ਕਰਨਾ ਸ਼ੁਰੂ ਕੀਤਾ। ਫਿਰ ਵੀਰ ਜੀ ਨੂੰ ਖਿਆਲ ਆਇਆ ਕਿ ਕਥਾ ਤਾਂ



ਸੰਗਤਾਂ ਅਗੇ ਕਰਨੀ ਹੈ ਤਾਂ ਉਨ੍ਹਾਂ ਨੇ ਆਪਣੀ ਪਰਿਵਾਰ ਦੇ ਮੈਂਬਰਾਂ ਨੂੰ ਕੋਲ ਬਿਠਾ ਲੈਣਾ ਤੇ ਉਚੀ ਉਚੀ ਕਥਾ ਕਰਨੀ। ਇਹ ਕਰਦਿਆਂ 26ਵੀਂ ਪਉੜੀ ਤੇ ਆ ਗਏ।

ਰੋਜ਼ਾਨਾ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਮਥਾ ਟੇਕਣ ਗਏ ਤਾਂ ਵੀਰ ਜੀ ਨੇ ਦਸਿਆ ਕਿ ਅਗੇ ਸੇਵਾਦਾਰ ਗ੍ਰੰਥੀ ਜੀ ਨਾਲ ਕੁਝ ਔਖੀਆਂ ਜਿਹੀਆਂ ਗਲਾਂ ਕਰ ਰਹੇ ਸਨ ਕਿ ਕਥਾ ਵਾਚਕ ਅਜ ਨਹੀਂ ਆਉਣਾ ਤਾਂ ਕਥਾ ਕੌਣ ਕਰੇਗਾ? ਗ੍ਰੰਥੀ ਜੀ ਕਹਿਣ ਲਗੇ ਕਿ ਉਨ੍ਹਾਂ ਨੂੰ ਕਥਾ ਨਹੀਂ ਆਉਂਦੀ ਅਤੇ ਸੇਵਾਦਾਰ ਨੂੰ ਗੁਸੇ ਹੋ ਰਹੇ ਸੀ ਕਿ ਉਨ੍ਹਾਂ ਨੂੰ ਪਹਿਲਾਂ ਦਸਣਾ ਸੀ। ਵੀਰ ਜੀ ਨੇ ਕਿਹਾ ਕਿ ਜੇਕਰ ਆਗਿਆ ਦਿਓ ਤਾਂ ਉਹ ਕਥਾ ਕਰਨ। ਭਾਈ ਜੀ ਪ੍ਰਸੰਨ ਹੋ ਗਏ ਤੇ ਕਿਹਾ ਕਿ ਜੇਕਰ ਤੁਸੀਂ ਕਰ ਸਕਦੇ ਹੋ ਤਾਂ ਜ਼ਰੂਰ ਕਰੋ।

ਜਦੋਂ ਵੀਰ ਜੀ ਕਥਾ ਕਰਨ ਲਗੇ ਤਾਂ ਵਾਹਿਗੁਰੂ ਨੇ ਕੀ ਖੇਡ ਵਰਤਾਈ ਕਿ ਉਸ ਦਿਨ 26ਵੀਂ ਪਉੜੀ ਦੀ ਕਥਾ ਹੋਣੀ ਸੀ ਜੋ ਕਿ ਵੀਰ ਜੀ ਘਰੋਂ ਅਭਿਆਸ ਕਰਕੇ ਆਏ ਸੀ। ਵੀਰ ਜੀ ਵਾਹਿਗੁਰੂ ਦੀ ਇਸ ਮਿਹਰ ਤੋਂ ਬਲਿਹਾਰੇ ਗਏ ਅਤੇ ਕਥਾ ਕੀਤੀ। ਫਿਰ ਕੀ ਸੀ ਸੰਗਤਾਂ ਨੇ ਵੀਰ ਜੀ ਦੀ ਹੀ ਡਿਊਟੀ ਲਗਾ ਦਿਤੀ। ਵੀਰ ਜੀ ਨੇ ਦਸਿਆ ਕਿ ਉਨ੍ਹਾਂ ਦਿਨਾਂ ਵਿਚ ਉਹ ਬਹੁਤ ਘਟ ਕਿਧਰੇ ਬਾਹਰ ਰਿਸ਼ਤੇਦਾਰੀ ਵਿਚ ਜਾਂਦੇ ਸਨ ਤਾਂ ਜੋ ਕਥਾ ਦੀ ਲੜੀ ਨਾ ਟੁਟੇ। ਵੀਰ ਜੀ ਨੇ ਫਿਰ ਕਈ ਸਾਲ ਸੰਪੂਰਨ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਕੀਤੀ। ਇਹ ਕਿਵੇਂ ਹੋਈ? ਇਹ ਵਾਹਿਗੁਰੂ ਦੀ ਬਖਸ਼ਿਸ਼ ਹੀ ਸੀ। ਅਕਾਲ ਪੁਰਖ ਦੀ ਵੀਰ ਜੀ ਤੇ ਕ੍ਰਿਪਾ ਸੀ।



## *ਵੀਰ ਜੀ ਦਾ ਅੰਮ੍ਰਿਤ ਸੰਚਾਰ ਵਲ ਉਚੇਚਾ ਧਿਆਨ ਦੇਣਾ*

ਵੀਰ ਜੀ ਨੇ ਹਰ ਸ਼ਹਿਰ ਵਿਚ ਜਿਥੇ ਜਿਥੇ ਸੰਗਤਾਂ ਬਹੁਤ ਪਿਆਰ ਕਰਦੀਆਂ ਸਨ। ਅੰਮ੍ਰਿਤਪਾਨ ਕਰਾਉਣ ਲਈ ਜਥੇ ਤਿਆਰ ਕੀਤੇ। ਖ਼ਾਲਸਾ ਸਾਜਨਾ ਦਿਵਸ ਤੇ ਭਾਵ 1999 ਨੂੰ 12000 (ਬਾਰਾਂ ਹਜ਼ਾਰ) ਪ੍ਰਾਣੀਆਂ ਨੂੰ ਵਖ ਵਖ ਸ਼ਹਿਰਾਂ ਤੋਂ ਤਿਆਰ ਕਰ ਕੇ ਸੁਹਾਣਾ ਤੋਂ ਬਸਾਂ ਦਾ ਕਾਫਲਾ ਚਲਿਆ ਤੇ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤਪਾਨ ਕਰਾਇਆ ਗਿਆ। ਇਤਨੀ ਗਿਣਤੀ ਵਿਚ ਤਿਆਰੀ ਕਰਨਾ ਇਹ ਅਕਾਲ ਪੁਰਖ ਦੀ ਬਖਸ਼ਿਸ਼ ਹੀ ਸੀ।

## *ਵੀਰ ਜੀ ਦੇ ਪ੍ਰਾਜੈਕਟਰ ਭਾਵ ਲਹਿਰਾਂ*

ਵੀਰ ਜੀ ਦੇ ਮਨ ਵਿਚ ਅਨੇਕਾਂ ਪ੍ਰਾਜੈਕਟ ਸਨ ਤੇ ਸਮੇਂ ਸਮੇਂ ਸਿਰ ਉਹ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਂਦੇ ਸਨ। ਵੀਰ ਜੀ ਨੇ ਬਹੁਤੇ ਪ੍ਰਾਜੈਕਟ ਸਭ ਤੋਂ ਪਹਿਲਾਂ ਜਲੰਧਰ ਤੋਂ ਹੀ ਆਰੰਭ ਕੀਤੇ।

## *ਸਿਮਰਨ ਸਾਧਨਾ*

ਸਵੇਰੇ ਅੰਮ੍ਰਿਤ ਵੇਲੇ 4 ਵਜੇ ਤੋਂ 5 ਵਜੇ ਤਕ ਰੋਜ਼ਾਨਾ ਕਿਸੇ ਨਾ ਕਿਸੇ ਗ੍ਰਹਿ ਵਿਖੇ ਸਿਮਰਨ ਸਾਧਨਾ ਆਰੰਭ ਕਰਵਾਈ। ਵੀਰ ਜੀ ਦੀ ਪ੍ਰੇਰਨਾ ਨਾਲ ਤਕਰੀਬਨ ਸਾਰੇ ਵਡੇ ਸ਼ਹਿਰਾਂ ਭਾਵ ਜਲੰਧਰ, ਲੁਧਿਆਣਾ, ਸੁਹਾਣਾ, ਰਾਜਪੁਰਾ, ਪਟਿਆਲਾ, ਅੰਮ੍ਰਿਤਸਰ ਆਦਿ ਸ਼ਹਿਰਾਂ ਵਿਚ ਸਿਮਰਨ ਸਾਧਨਾ ਪਿਛਲੇ 14 ਸਾਲਾਂ ਤੋਂ ਹੋ ਰਹੀ



ਹੈ। ਗਰਮੀਆਂ ਸਰਦੀਆਂ ਭਾਵੇਂ ਵਰਖਾ ਹੋਵੇ ਮੀਂਹ ਝੱਖੜ ਹਨੇਰੀ ਜੋ ਵੀ ਹੋਵੇ ਰੋਜ਼ਾਨਾ ਸਵੇਰੇ 4 ਵਜੇ ਤੋਂ 5 ਵਜੇ ਤਕ ਕਿਸੇ ਨਾ ਕਿਸੇ ਗ੍ਰਿਹਿ ਵਿਖੇ ਇਹ ਪ੍ਰੋਗਰਾਮ ਹੁੰਦੇ ਹਨ ਤੇ ਪ੍ਰੋਗਰਾਮ ਨਿਸ਼ਕਾਮ ਹੁੰਦੇ ਹਨ। ਕੜਾਹ ਪ੍ਰਸ਼ਾਦ ਤੋਂ ਬਿਨਾਂ ਹੋਰ ਕਿਸੇ ਕਿਸਮ ਦੀ ਸੇਵਾ ਪ੍ਰਵਾਨ ਨਹੀਂ ਕੀਤੀ ਜਾਂਦੀ। ਚਾਹ ਆਦਿ ਦੀ ਮਨਾਹੀ ਹੈ।

ਕੇਵਲ ਜਿਸ ਪ੍ਰਾਣੀ ਨੇ ਵਾਰੀ ਲੈਣੀ ਹੁੰਦੀ ਹੈ ਉਸ ਨੂੰ ਦੋ ਬੇਨਤੀਆਂ ਕੀਤੀਆਂ ਜਾਂਦੀਆਂ ਹਨ ਕਿ ਸਵੇਰੇ 4 ਵਜੇ ਤੋਂ ਪਹਿਲਾਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਚੰਦੋਆ ਲਗਾ ਕੇ (ਅਜਕਲ੍ਹ ਕਈ ਥਾਂ ਤੇ ਪਾਲਕੀ ਸਾਹਿਬ ਵਿਚ ਲਗੇ ਚੰਦੋਏ ਨੂੰ ਹੀ ਕਾਫੀ ਸਮਝਦੇ ਹਨ) ਕੀਤਾ ਜਾਵੇ ਤੇ ਪਵਿੱਤਰ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਹੋ ਕੇ ਦੀਵਾਨ ਵਿਚ ਸਜਾਈ ਜਾਵੇ। ਫਿਰ ਸਾਰੀ ਸੰਗਤ ਰਲ ਕੇ ਵਾਹਿਗੁਰੂ ਜਾ ਜਾਪ ਕਰਦੀ ਹੈ। ਵਾਹਿਗੁਰੂ ਅਗੇ ਬੇਨਤੀ ਹੈ ਕਿ ਇਸੇ ਤਰ੍ਹਾਂ ਸੰਗਤਾਂ ਨੂੰ ਬਲ ਬਖਸ਼ਿਆ ਜਾਵੇ ਤਾਂ ਜੋ ਵੀਰ ਜੀ ਦੀ ਇਸ ਪ੍ਰੇਰਨਾ ਨੂੰ ਅਸੀਂ ਜਾਰੀ ਰਖ ਕੇ ਆਪਣਾ ਜੀਵਨ ਸਫਲਾ ਕਰੀਏ।

## *ਰਾਤ ਦੇ ਕੀਰਤਨ*

ਹਰ ਮੰਗਲਵਾਰ ਨੂੰ ਸਿਮਰਨ ਸਾਧਨਾਂ ਵਾਂਗ ਹੀ ਕਿਸੇ ਨਾ ਕਿਸੇ ਗ੍ਰਿਹਿ ਵਿਖੇ ਨਿਸ਼ਕਾਮ ਕੀਰਤਨ ਕੀਤਾ ਜਾਂਦਾ ਹੈ। ਸਮਾਂ ਹੈ 7 ਵਜੇ ਤੋਂ 9-30 ਵਜੇ ਤਕ। ਇਸ ਵਿਚ ਨਵੇਂ ਸਿੰਘਾਂ ਸਿੰਘਣੀਆਂ ਨੂੰ ਕੀਰਤਨ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਨਿਸ਼ਕਾਮ ਕੀਰਤਨ ਹੁੰਦੇ ਹਨ ਤੇ ਸਮਾਪਤੀ ਵੇਲੇ ਗੁਰੂ ਕਾ ਲੰਗਰ ਵੀ



ਵਰਤਦਾ ਹੈ। ਪ੍ਰਸ਼ਾਦ ਬਹੁਤ ਸਾਰੇ ਵੀਰ ਭੈਣਾਂ ਘਰਾਂ ਤੋਂ ਪਕਾ ਕੇ ਨਾਲ ਲਿਆਂਦੇ ਹਨ ਤੇ ਦਾਲ ਸਬਜ਼ੀ ਸਬੰਧਤ ਪਰਿਵਾਰ ਤਿਆਰ ਕਰਦਾ ਹੈ। ਇਸ ਕੀਰਤਨ ਦੀ ਬੁਕਿੰਗ ਤਕਰੀਬਨ 6 ਮਹੀਨੇ ਪਹਿਲਾਂ ਤੋਂ ਹੀ ਹੋ ਜਾਂਦੀ ਹੈ। ਚੌਖੀ ਗਿਣਤੀ ਵਿਚ ਸਾਧ ਸੰਗਤ ਗੁਰੂ ਜੀ ਦੀ ਬਖਸ਼ਿਸ਼ ਪ੍ਰਾਪਤ ਕਰਦੀ ਹੈ। ਵਾਹਿਗੁਰੂ ਹੋਰ ਬਲ ਬਖਸ਼ੇ ਤੇ ਵੀਰ ਜੀ ਦਾ ਇਹ ਸੁਪਨਾ ਵੀ ਪੂਰਾ ਹੁੰਦਾ ਰਹੇ।

## ਬੀਬੀਆਂ ਦਾ ਕੀਰਤਨ

ਹਰ ਸ਼ੁਕਰਵਾਰ ਨੂੰ ਦੁਪਹਿਰ 3 ਵਜੇ ਤੋਂ 5 ਵਜੇ ਤਕ ਗੁਰ ਸ਼ਬਦ ਇਸਤਰੀ ਸਤਿਸੰਗ ਸਭਾ ਨਿਸ਼ਕਾਮ ਕੀਰਤਨ ਕਰਦੀ ਹੈ। ਇਹ ਸਭਾ ਵੀ ਵੀਰ ਜੀ ਦੇ ਨਾਲ ਉਪਰੋਕਤ ਪ੍ਰਾਜੈਕਟਾਂ ਦੀ ਤਰ੍ਹਾਂ ਹੀ ਸਾਰੇ ਸ਼ਹਿਰਾਂ ਵਿਚ ਸ਼ਬਦ ਕੀਰਤਨ ਕਰ ਰਹੀ ਹੈ। ਜਲੰਧਰ ਵਿਚ ਭੈਣ ਹਰਭਜਨ ਕੌਰ ਜੀ ਖਾਲਸਾ ਦੇ ਉਦਮ ਨਾਲ ਇਹ ਪ੍ਰੋਗਰਾਮ ਵੀ ਨਿਰੰਤਰ ਜਾਰੀ ਹਨ। ਹੋਰ ਸ਼ਹਿਰਾਂ ਵਿਚ ਵੀ ਵਾਹਿਗੁਰੂ ਬਖਸ਼ਸ਼ ਕਰ ਰਹੇ ਹਨ ਅਤੇ ਇਹ ਲੜੀ ਵੀ ਸਫਲਤਾ ਪੂਰਬਕ ਭੈਣ ਹਰਭਜਨ ਕੌਰ ਦੇ ਉਦਮ ਨਾਲ ਚਲ ਰਹੀ ਹੈ।

## ਅੰਮ੍ਰਿਤ ਸੰਚਾਰ

ਹਰ ਦੂਜੇ ਐਤਵਾਰ ਨੂੰ ਸ਼ਹਿਰਾਂ ਵਿਚ ਕਿਸੇ ਖਾਸ ਮਿਥੇ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਦਾ ਬਾਟਾ ਤਿਆਰ ਹੁੰਦਾ ਹੈ। ਅੰਮ੍ਰਿਤਪਾਨ ਕਰਾਉਣ ਲਈ ਜਥੇ ਵੀਰ ਜੀ ਨੇ ਤਿਆਰ ਕੀਤੇ ਹੋਏ ਹਨ। ਉਹ ਅਭਲਾਸ਼ੀ ਪ੍ਰਾਣੀਆਂ ਨੂੰ ਅੰਮ੍ਰਿਤਪਾਨ



ਕਰਾਉਂਦੇ ਹਨ। ਲੋੜਵੰਦਾਂ ਨੂੰ ਕਕਾਰ ਵੀ ਬਿਨਾ ਭੇਟਾ ਦੇ ਦਿਤੇ ਜਾਂਦੇ ਹਨ। ਇਹ ਪ੍ਰੋਗਰਾਮ ਸੁਹਾਣਾ ਵਿਖੇ ਹਰ ਹਫਤੇ ਹੁੰਦਾ ਹੈ ਜਦਕਿ ਬਾਕੀ ਸ਼ਹਿਰਾਂ ਵਿਚ ਮਹੀਨੇ ਵਿਚ ਇਕ ਵਾਰ। ਵੀਰ ਜੀ ਦਾ ਹੁਕਮ ਸੀ ਕਿ ਇਨ੍ਹਾਂ ਮਿਥੀ ਮਿਤੀਆਂ ਤੋਂ ਬਿਨਾਂ ਵੀ ਜੇ ਕੋਈ ਪ੍ਰਾਣੀ ਅੰਮ੍ਰਿਤ ਅਭਿਲਾਸ਼ੀ ਹੋਣ ਤਾਂ ਉਨ੍ਹਾਂ ਨੂੰ ਉਚੇਚੇ ਤੌਰ ’ਤੇ ਅੰਮ੍ਰਿਤਪਾਨ ਕਰਾਇਆ ਜਾਵੇ ਤਾਂ ਜੋ ਵਧ ਤੋਂ ਵਧ ਗੁਰਸਿਖ ਗੁਰੂ ਵਾਲੇ ਬਣ ਸਕਣ। ਜਲੰਧਰ ਵਿਖੇ ਇਹ ਪ੍ਰੋਗਰਾਮ ਵੀ ਡਾਕਟਰ ਪਰਮਜੀਤ ਸਿੰਘ ਦੇ ਉਦਮ ਨਾਲ ਚਲ ਰਹੇ ਹਨ।

## *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਉਣਾ*

ਵੀਰ ਜੀ ਨੇ ਇਹ ਨਵਾਂ ਪ੍ਰਾਜੈਕਟ ਆਰੰਭ ਕੀਤਾ ਕਿ ਬੱਚਿਆਂ, ਨੌਜੁਆਨਾਂ ਤੇ ਬਜ਼ੁਰਗਾਂ ਭਾਵ ਇਸਤਰੀ ਤੇ ਮਰਦਾਂ ਨੂੰ ਜੋ ਅਜੇ ਤਕ ਸ੍ਰੀ ਗੁਰੂ ਗਰੰਥ ਸਾਹਿਬ ਦੇ ਚਰਨੀਂ ਨਹੀਂ ਲਗੇ, ਉਨ੍ਹਾਂ ਨੂੰ ਪ੍ਰੇਰ ਕੇ ਇਸ ਪਾਸੇ ਲਾਇਆ ਜਾਏ। ਸਭ ਤੋਂ ਪਹਿਲਾ ਪ੍ਰੋਗਰਾਮ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਮਿਲ ਕੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਮਾਡਲ ਟਾਊਨ ਜਲੰਧਰ ਵਿਚ ਕੀਤਾ ਗਿਆ। 120 ਪ੍ਰਾਣੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਗੇ। ਫਿਰ 5000 ਪਾਠ ਡਾਇਰੀਆਂ ਵੀਰ ਜੀ ਦੇ ਹੁਕਮਾਂ ਅਨੁਸਾਰ ਛਪਵਾ ਕੇ ਇਸ ਪ੍ਰੋਗਰਾਮ ਦਾ ਰੀਕਾਰਡ ਰਖਿਆ ਗਿਆ। ਦੂਜਾ ਪ੍ਰੋਗਰਾਮ ਗੁਰਦੁਆਰਾ ਛੇਵੀਂ ਪਾਤਸ਼ਾਹੀ ਇਤਿਹਾਸਕ ਅਸਥਾਨ ਬਸਤੀ ਸ਼ੇਖ ਜਲੰਧਰ ਵਿਚ ਰਖਿਆ ਗਿਆ ਤਾਂ 300 ਪ੍ਰਾਣੀ ਗੁਰੂ ਚਰਨੀਂ ਲਗੇ। ਅਗਲਾ ਪ੍ਰੋਗਰਾਮ ਲੁਧਿਆਣੇ ਰਖਿਆ ਗਿਆ ਉਥੇ 200 ਪ੍ਰਾਣੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਗੇ।



ਇਹ ਪ੍ਰਾਜੈਕਟ ਇਕ ਲਹਿਰ ਦਾ ਰੂਪ ਧਾਰਨ ਕਰ ਗਿਆ। ਇਸ ਦੇ ਬਹੁਤ ਲਾਭ ਹੋਏ। ਬਹੁਤ ਸਾਰੇ ਪ੍ਰਾਣੀਆਂ ਨੂੰ ਇਹ ਪ੍ਰੇਰਨਾ ਹੋਈ ਕਿ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਹਰ ਇਕ ਨੂੰ ਕਰਨਾ ਚਾਹੀਦਾ ਹੈ। ਕੁਝ ਪ੍ਰਾਣੀਆਂ ਨੇ ਕਿਹਾ ਕਿ ਉਹ ਸਮਝਦੇ ਸਨ ਕਿ ਗੁਰੂ ਗਰੰਥ ਸਾਹਿਬ ਤੋਂ ਪਾਠ ਕੇਵਲ ਭਾਈ ਸਾਹਿਬਾਨ ਨੇ ਹੀ ਕਰਨਾ ਹੁੰਦਾ ਹੈ। ਕੁਝ ਨੇ ਕਿਹਾ ਕਿ ਉਹ ਸਮਝਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਮੱਥਾ ਹੀ ਟੇਕਣਾ ਹੈ ਜਾਂ ਵਧ ਤੋਂ ਵਧ ਹੁਕਮਨਾਮਾ ਵਾਕ ਲੈਣਾ ਹੈ ਤੇ ਬਾਕੀ ਪਾਠ ਤਾਂ ਪਾਠੀਆਂ ਨੇ ਕਰਨਾ ਹੈ। ਇਸ ਗੱਲ ਦੀ ਜਾਗਰਤੀ ਆਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਸਭ ਨੇ ਕਰਨਾ ਹੈ ਤੇ ਸਮਝ ਕੇ ਕਰਨਾ ਹੈ। ਕਈ ਅਜੀਬ ਕੌਤਕ ਗੁਰੂ ਮਹਾਰਾਜ ਨੇ ਕੀਤੇ। ਕੁਝ ਬਚਿਆਂ ਨੇ ਕਿਹਾ ਕਿ ਉਨ੍ਹਾਂ ਦੇ ਪਾਠ ਕਰਨ ਤੋਂ ਪਹਿਲਾਂ ਘਰ ਵਿਚ ਕਲੇਸ਼ ਪੈਂਦੇ ਸਨ ਪਰ ਹੁਣ ਮਾਤਾ ਪਿਤਾ ਨੇ ਆਪਸ ਵਿਚ ਝਗੜਨਾ ਬੰਦ ਕਰ ਦਿਤਾ।

ਕੁਝ ਕੁ ਬੱਚਿਆਂ ਨੇ ਦਸਿਆ ਕਿ ਜਦੋਂ ਉਨ੍ਹਾਂ ਰੋਜ਼ਾਨਾ ਪਾਠ ਆਰੰਭ ਕੀਤਾ ਤਾਂ ਉਨ੍ਹਾਂ ਦੇ ਪਿਤਾ ਨੇ ਸ਼ਰਾਬ ਪੀਣੀ ਛਡ ਦਿਤੀ। ਭਾਵ ਵਾਹਿਗੁਰੂ ਨੇ ਐਸੀ ਕਲਾ ਵਰਤਾਈ ਕਿ ਇਸ ਪਾਸੇ ਸੰਗਤ ਕੇਵਲ ਸੋਚਣ ਹੀ ਨਹੀਂ ਲਗੀ ਸਗੋਂ ਪਾਠ ਕਰਨ ਲਗ ਪਈ। ਵੀਰ ਜੀ ਦਾ ਮੰਤਵ ਇਸ ਸਬੰਧੀ ਕੇਵਲ ਇਤਨਾ ਹੀ ਸੀ ਕਿ ਘਰ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੋਵੇ। ਇਸ ਲਈ ਪਹਿਲੀ ਮਾਰਚ 2006 ਤੋਂ ਸਹਿਜ ਪਾਠ ਕਰਨ ਦੀ ਪ੍ਰੇਰਨਾ ਕੀਤੀ ਕਿ ਰੋਜ਼ਾਨਾ ਸ਼ਾਮ ਨੂੰ ਵਾਰੀ-ਵਾਰੀ ਹਰ ਇਕ ਘਰ ਵਿਚ ਸਹਿਜ ਪਾਠ ਸੰਗਤੀ ਰੂਪ ਵਿਚ ਹੋਵੇ। ਲਗਪਗ 90 ਗੁਰਮੁਖਾਂ ਨੇ ਆਪਣੇ ਘਰਾਂ ਵਿਚ ਇਹ ਪਾਠ ਕਰਾਉਣ ਦੀ ਬੇਨਤੀ ਕੀਤੀ।



ਗੁਰਪ੍ਰਚਾਰ ਸ਼ਬਦ ਸਭਾ ਬਰਾਂਚ ਜਲੰਧਰ ਵਲੋਂ ਤਕਰੀਬਨ ਤਿੰਨ ਮਹੀਨੇ ਰੋਜ਼ਾਨਾ ਵਖੋ-ਵਖਰੇ ਘਰਾਂ ਵਿਚ ਇਹ ਸਹਿਜ ਪਾਠ ਸੰਗਤੀ ਰੂਪ ਵਿਚ ਸੰਪੂਰਨ ਕੀਤਾ ਗਿਆ। ਇਸ ਸਾਰੇ ਦਾ ਰੀਕਾਰਡ ਵੀ ਵੀਰ ਅਮਰਜੀਤ ਸਿੰਘ ਅਨੰਦ ਰਖ ਰਹੇ ਹਨ। ਵਾਹਿਗੁਰੂ ਦਇਆ ਕਰੇ ਵੀਰ ਜੀ ਦਾ ਇਹ ਅਰੰਭਿਆ ਕਾਰਜ ਵੀ ਨਿਰੰਤਰ ਚਲਦਾ ਰਹੇ।

## *ਘਰ ਵਾਪਸੀ*

ਵਰਤਮਾਨ ਸਮੇਂ ਵਿਚ ਟੀ.ਵੀ. ਦਾ ਤੇ ਪਛਮੀ ਵਿਦਿਆ ਦਾ ਇਤਨਾ ਪ੍ਰਭਾਵ ਹੈ ਕਿ ਸਾਡੇ ਬੱਚੇ ਪਤਿਤ ਹੋ ਰਹੇ ਹਨ। ਇਕ ਸਰਵੇਖਣ ਅਨੁਸਾਰ ਪਿੰਡਾਂ ਵਿਚ 80% ਤੇ ਸ਼ਹਿਰਾਂ ਵਿਚ 60% ਬੱਚੇ ਪਤਿਤ ਹਨ। ਨੌਜੁਆਨਾਂ ਨੇ ਦਾੜ੍ਹੀ ਦੀ ਬੇਅਦਬੀ ਤੇ ਬੀਬੀਆਂ ਨੇ ਭਰਵੱਟੇ ਕੱਟਣੇ ਸ਼ੁਰੂ ਕਰ ਦਿਤੇ ਹਨ। *"ਸਾਬਤ ਸੂਰਤ ਦਸਤਾਰ ਸਿਰਾ"* ਦੇ ਮਹਾਂਵਾਕ ਨੂੰ ਭੁਲ ਕੇ ਦਾੜ੍ਹੀ, ਕੇਸਾਂ ਦੀ ਬੇਅਦਬੀ ਕਰ ਕੇ ਸਿਰ ਤੇ ਟੋਪੀਆਂ ਪਾਈਆਂ ਹੋਈਆਂ ਹਨ। ਵੀਰ ਜੀ ਨੂੰ ਬਹੁਤ ਚਿੰਤਾ ਹੋਈ ਤਾਂ ਉਨ੍ਹਾਂ ਇਹ ਘਰ ਵਾਪਸੀ ਦੀ ਲਹਿਰ ਚਲਾਈ ਜਿਸ ਵਿਚ ਪਤਿਤ ਪ੍ਰਾਣੀਆਂ ਨੂੰ ਪ੍ਰੇਰ ਕੇ ਸਾਬਤ ਸੂਰਤ ਹੋਣ ਦੀ ਪਰੇਰਨਾ ਦਿਤੀ ਜਾਂਦੀ ਹੈ। ਸਕੂਲਾਂ, ਕਾਲਜਾਂ ਵਿਚ ਪ੍ਰਚਾਰ ਆਰੰਭ ਕੀਤਾ। ਪਹਿਲਾ ਪ੍ਰੋਗਰਾਮ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਖੇ ਕੀਤਾ ਗਿਆ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਵਿਚ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਉਤਸਵ ਤੇ ਕਾਫੀ ਬਚਿਆਂ ਨੇ ਸਾਬਤ ਸੂਰਤ ਹੋਣ ਦੇ ਪ੍ਰਣ ਲਏ ਅਤੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਇਥੇ ਵੀਰ ਜੀ ਨੇ ਹੁਕਮ ਕੀਤਾ ਕਿ ਹਰ



ਦੀਵਾਨ ਵਿਚ ਪ੍ਰੋਗਰਾਮ ਕੀਤੇ ਜਾਇਆ ਕਰਨਗੇ ਤੇ ਹੁੰਦੇ ਰਹੇ। ਇਸੇ ਪ੍ਰਾਜੈਕਟ ਦੀ ਸੇਵਾ ਵੀਰ ਜੀ ਨੇ ਦਾਸ ਨੂੰ ਬਖਸ਼ਸ਼ ਕੀਤੀ।

*ਭਾਈ ਸਾਹਿਬ ਭਾਈ ਵੀਰ ਸਿੰਘ ਅਕੈਡਮੀ*

ਵੀਰ ਜੀ ਨੇ ਇਹ ਪ੍ਰਾਜੈਕਟ ਦੇ ਪਿਛੋਕੜ ਬਾਰੇ ਦਸਿਆ ਕਿ ਉਹ ਕੈਨੇਡਾ ਵਿਚ ਇਕ ਸ਼ਰਧਾਲੂ ਦੇ ਘਰ ਗਏ ਤਾਂ ਘਰ ਵਿਚ ਸਰਦਾਰਨੀ ਸਾਹਿਬਾ ਨੇ ਦਸਿਆ ਕਿ ਉਨ੍ਹਾਂ ਦੀ ਕੁੜੀ ਇਕ ਮੁਸਲਮਾਨ ਨਾਲ ਸ਼ਾਦੀ ਕਰਨਾ ਚਾਹੁੰਦੀ ਹੈ ਤੇ ਅਜਿਹਾ ਹੋ ਗਿਆ ਤਾਂ ਉਹ ਆਤਮ ਹੱਤਿਆ ਕਰ ਲਵੇਗੀ। ਵੀਰ ਜੀ ਨੇ ਉਥੇ ਕੁਝ ਬੱਚਿਆਂ, ਜੋ ਕਿ ਉਸ ਕੁੜੀ ਦੇ ਦੋਸਤ ਸਨ, ਨੂੰ ਗੁਰਮਤਿ ਦੀ ਸਿਖਿਆ ਦਿਤੀ ਤਾਂ ਉਨ੍ਹਾਂ ਨੇ ਉਸ ਕੁੜੀ ਨੂੰ ਸਮਝਾਇਆ। ਉਹ ਕੇਵਲ ਸਮਝੀ ਹੀ ਨਹੀਂ ਸਗੋਂ ਉਸ ਅੰਮ੍ਰਿਤ ਵੀ ਛਕ ਲਿਆ। ਵੀਰ ਜੀ ਨੇ ਉਨ੍ਹਾਂ ਨੂੰ ਸਲਾਹ ਦਿਤੀ ਕਿ ਇਸ ਦਾ ਕਿਸੇ ਗੁਰਸਿਖ ਨਾਲ ਹੁਣ ਵਿਆਹ ਤੁਰੰਤ ਕਰ ਦਿਓ। ਵੀਰ ਜੀ ਨੇ ਦਸਿਆ ਕਿ ਬੱਚੇ ਆਪਣੇ ਹਮ ਉਮਰ ਨੂੰ ਜੋ ਸਲਾਹ ਦਿੰਦੇ ਹਨ ਉਨ੍ਹਾਂ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ ਨਾ ਕਿ ਬਜ਼ੁਰਗਾਂ ਦਾ ਬੱਚਿਆਂ ਨੂੰ ਸਿਖਿਆ ਦੇਣ ਦਾ। ਬਚੇ ਸਮਝਦੇ ਹਨ ਕਿ ਵਡਿਆਂ ਦੀ ਸਿਖਿਆ ਤਾਂ ਉਨ੍ਹਾਂ ਦਾ ਫ਼ਰਜ਼ ਹੈ ਇਸ ਲਈ ਆਪਣੇ ਸਮੇਂ ਪਤਾ ਨਹੀਂ ਕੀ ਕਰਦੇ ਹੋਣਗੇ। ਇਸ ਲਈ ਹਮ-ਜਮਾਤੀਆਂ ਦੀ ਗਲ ਚੰਗੀ ਲਗਦੀ ਹੈ।

ਵੀਰ ਜੀ ਨੇ ਕੈਨੇਡਾ ਵਿਖੇ 20 ਬੱਚੇ ਬੱਚੀਆਂ ਨੂੰ ਤਿਆਰ ਕੀਤਾ ਕਿ ਉਹ ਪਹਿਲਾਂ ਆਪ ਗੁਰਮਤਿ ਬਾਰੇ ਇਕ ਸਾਲ ਸਟੱਡੀ ਕਰਨ ਤੇ ਫਿਰ ਇਹ ਬਾਕੀ ਬੱਚਿਆਂ—ਆਪਣੇ ਹਮ-ਜਮਾਤੀਆਂ ਨੂੰ ਸਮਝਾਉਣ। ਇਸੇ ਤਰ੍ਹਾਂ ਵੀਰ ਜੀ ਨੇ



ਜਲੰਧਰ ਦੇ ਗੁਰਸ਼ਬਦ ਪ੍ਰਚਾਰ ਸਭਾ ਨੂੰ ਵੀ ਸਲਾਹ ਦਿਤੀ ਕਿ ਉਹ ਵੀ 20-25 ਬੱਚੇ ਬੱਚੀਆਂ ਨੂੰ ਤਿਆਰ ਕਰਨ। ਬੱਚਿਆਂ ਦੀ ਪਛਾਣ ਕਰ ਲਈ ਗਈ ਹੈ। ਸਲੇਬਸ ਤਿਆਰ ਕਰ ਲਿਆ ਹੈ ਜਿਸ ਵਿਚ ਸਿਖ ਮਿਸ਼ਨਰੀ ਕਾਲਜ ਨੇ ਸਹਾਇਤਾ ਕੀਤੀ ਹੈ। ਇਹ ਇਕ ਸਾਲ ਦਾ ਕੋਰਸ ਹੈ। ਹਰ ਹਫਤੇ ਕਲਾਸ ਲਗੇਗੀ। 52 ਹਫਤਿਆਂ ਬਾਅਦ ਇਹ ਬੱਚੇ ਸਕੂਲਾਂ, ਕਾਲਜਾਂ ਵਿਚ ਪ੍ਰਚਾਰ ਕਰਕੇ ਸਾਰਿਆਂ ਨੂੰ ਸਾਬਤ ਸੂਰਤ ਭਾਵ ਗੁਰੂ ਨਾਲ ਜੋੜਨ ਦਾ ਕੰਮ ਕਰਨਗੇ। ਇਹ ਕੰਮ ਬਾਕੀ ਸ਼ਹਿਰਾਂ ਵਿਚ ਵੀ ਕੀਤਾ ਜਾਵੇਗਾ ਤੇ ਫਿਰ ਵਿਦੇਸ਼ਾਂ ਤੋਂ ਬਚੇ ਇਥੇ ਆਉਣਗੇ ਤੇ ਇਹ ਬੱਚੇ ਉਨ੍ਹਾਂ ਨਾਲ ਰਲ ਕੇ ਪ੍ਰਚਾਰ ਕਰਨਗੇ। ਅਸਾਂ ਵੀਰ ਜੀ ਦੇ ਇਸ ਸੁਪਨੇ ਨੂੰ ਵੀ ਨੇਪਰੇ ਚਾੜ੍ਹਨਾ ਹੈ। ਇਸ ਸਬੰਧ ਵਿਚ 13 ਮੈਂਬਰਾਂ ਦੀ ਕਮੇਟੀ ਵੀਰ ਜੀ ਆਪ ਹੀ ਬਣਾ ਗਏ ਹਨ।

## *ਅਨੰਦ ਕਾਰਜ ਤੇ ਪੈਲੇਸ ਕਲਚਰ*

ਵੀਰ ਜੀ ਇਸ ਗਲ ਤੋਂ ਬੜੇ ਚਿੰਤਾਤੁਰ ਸਨ ਕਿ ਪੈਲੇਸਾਂ ਨੇ ਸਾਡੇ ਕਲਚਰ ਨੂੰ ਖਤਮ ਕਰ ਦਿਤਾ ਹੈ। ਭਾਈਚਾਰਾ ਖਤਮ ਹੋ ਗਿਆ ਹੈ। ਪਹਿਲਾਂ ਪਿੰਡਾਂ ਵਿਚ ਵਿਸ਼ੇਸ਼ ਕਰਕੇ ਵਿਆਹ ਤੋਂ ਪਹਿਲਾਂ ਬਿਸਤਰੇ ਆਦਿ ਇਕੱਠੇ ਕੀਤੇ ਜਾਂਦੇ ਸਨ। ਸਾਰੀ ਬਰਾਦਰੀ ਮਿਲ ਕੇ ਵਿਆਹ ਦੀ ਤਿਆਰੀ ਵਿਚ ਜੁਟ ਜਾਂਦੀ ਸੀ। ਹੁਣ ਲੋਕਾਂ ਪਾਸ ਪੈਸੇ ਬਹੁਤ ਹਨ ਇਸ ਕਰਕੇ ਉਹ ਪੈਲੇਸ ਬੁਕ ਕਰ ਲੈਂਦੇ ਹਨ। ਬਰਾਦਰੀ ਤਾਂ ਕੀ ਘਰ ਵਾਲੇ ਆਪ ਵੀ ਦਿਤੇ ਸਮੇਂ ਤੇ ਹੀ ਪੁਜਦੇ ਹਨ। ਫਿਰ ਬਰੇਕਫਾਸਟ ਚਾਹ ਪਾਣੀ ਚਲਦਾ ਰਹਿੰਦਾ ਹੈ।



ਅਨੰਦ ਕਾਰਜ ਲਈ ਕੇਵਲ ਬਹੁਤ ਨਜ਼ਦੀਕੀ ਰਿਸ਼ਤੇਦਾਰ ਹੀ ਵਧ ਤੋਂ ਵਧ 20 ਜਾਂ 30 ਪ੍ਰਾਣੀ ਪੁਜ ਕੇ ਅਨੰਦ ਕਾਰਜ ਦੀ ਰਸਮ ਨਿਭਾਉਂਦੇ ਹਨ। ਬਾਕੀ ਪੈਲੇਸ ਵਿਚ ਹੀ ਮੌਜਾਂ ਮਾਣਦੇ ਰਹਿੰਦੇ ਹਨ। ਵੀਰ ਜੀ ਨੇ ਕਿਹਾ ਕਿ ਮੁੰਡੇ ਵਾਲੇ ਸਿਧਾ ਗੁਰਦੁਆਰਾ ਸਾਹਿਬ ਵਿਖੇ ਅਨੰਦ ਕਾਰਜ ਲਈ ਆਉਣ। ਅਨੰਦ ਕਾਰਜ ਦੀ ਰਸਮ ਤੋਂ ਪਹਿਲਾਂ ਕੋਈ ਚਾਹ ਪਾਣੀ ਨਹੀਂ ਹੋਣਾ ਚਾਹੀਦਾ। ਇਹ ਠੀਕ ਹੈ ਕਿ ਲੜਕੇ ਵਾਲੇ ਜਿਤਨੀ ਜਲਦੀ ਹੋ ਸਕੇ ਗੁਰਦੁਆਰਾ ਸਾਹਿਬ ਵਿਖੇ ਪੁਜਣ (ਕੁਝ ਗੁਰਮੁਖ ਤਾਂ ਆਸਾ ਦੀ ਵਾਰ ਦਾ ਕੀਰਤਨ ਦਾ ਸਮਾਂ ਨਿਯਤ ਕਰਦੇ ਹਨ) 10 ਜਾਂ 11 ਵਜੇ ਤਕ ਇਹ ਅਨੰਦ ਕਾਰਜ ਦੀ ਰਸਮ ਪੂਰੀ ਹੋਣ ਉਪਰੰਤ ਜੋ ਮਰਜ਼ੀ ਚਾਹ ਪਾਣੀ ਲੰਗਰ ਆਦਿ ਛਕਿਆ ਜਾਵੇ। ਇਸ ਤੇ ਅਮਲ ਵੀ ਹੋਣਾ ਆਰੰਭ ਹੋ ਗਿਆ ਹੈ। ਵੀਰ ਜੀ ਦੇ ਸਮੇਂ ਹੀ ਸ. ਗੁਰਮੀਤ ਸਿੰਘ ਮੁਹਾਲੀ ਅਕਾਲ ਆਸ਼ਰਮ ਟਰੱਸਟ ਵਾਲਿਆਂ ਦੀ ਸਪੁਤਰੀ ਦਾ ਅਨੰਦ ਕਾਰਜ ਸੁਹਾਣਾ ਵਿਖੇ 28-10-06 ਨੂੰ ਹੋਇਆ। ਇਸ ਬਾਰੇ ਵੀ ਬਾਕੀ ਪ੍ਰਾਜੈਕਟਾਂ ਵਾਂਗ ਹੀ ਲਹਿਰ ਚਲਾਉਣੀ ਹੈ। ਤਾਂ ਜੋ ਵੀਰ ਜੀ ਦਾ ਸੁਪਨਾ ਪੂਰਾ ਹੋ ਸਕੇ।

ਸਮੇਂ ਸਮੇਂ ਅਕਾਲ ਪੁਰਖ ਕੁਝ ਐਸੀਆਂ ਬਖਸ਼ੀਆਂ ਰੂਹਾਂ ਸੰਸਾਰ ਵਿਚ ਭੇਜਦਾ ਹੈ ਜੋ ਮਨੁਖਤਾ ਦੀ ਸੇਵਾ ਤੇ ਸੰਗਤਾਂ ਨੂੰ ਗੁਰੂ ਨਾਲ ਜੋੜ ਕੇ ਉਨ੍ਹਾਂ ਦੇ ਜੀਵਨ ਵਿਚ ਖੇੜਾ ਲਿਆਂਦੀਆਂ ਹਨ। ਭਾਵੇਂ ਇਨ੍ਹਾਂ ਦੀ ਗਿਣਤੀ ਬਹੁਤ ਘਟ ਹੁੰਦੀ ਹੈ ਪਰ ਉਹ ਆਪਣੇ ਜੀਵਨ ਦੀ ਕਾਰਜ ਸ਼ੈਲੀ ਲੋਕਾਂ ਨੂੰ ਦਰਸਾ ਕੇ ਗੁਰਮੁਖਾਂ ਵਾਲਾ ਜੀਵਨ ਜੀਣਾ ਸਿਖਾਉਂਦੀਆਂ ਹਨ। ਅਜਿਹੀ ਇਕ ਬਖਸ਼ੀ ਹੋਈ ਰੂਹ *ਵੀਰ ਜੀ* ਸਨ ਜਿਨ੍ਹਾਂ ਨੇ ਘਰ ਬਾਰ ਦੀਆਂ ਜ਼ਿੰਮੇਵਾਰੀਆਂ ਨੂੰ ਸਾਂਭਦੇ ਹੋਏ ਵੀ ਪਰਿਵਾਰ ਵਿਚੋਂ ਨਿਰਲੇਪ ਹੋ ਕੇ ਜੀਵਨ ਜੀਵਿਆ। ਸਾਰੀ ਜ਼ਿੰਦਗੀ ਕੌਮ ਲਈ ਸੋਚਿਆ ਤੇ



ਅਕਾਲ ਪੁਰਖ ਦੇ ਹੁਕਮ ਵਿਚ ਹੀ ਰਹੇ। ਜ਼ਾਤੀ ਤੌਰ ’ਤੇ ਅਸੀਂ ਦੇਖਦੇ ਰਹੇ ਹਾਂ ਕਿ ਵੀਰ ਜੀ ਲਈ ਸਤਿਕਾਰ ਵਜੋਂ ਕਈ ਸੰਗਤਾਂ ਮਠਿਆਈ, ਫਰੂਟ ਤੇ ਪੁਸਤਕਾਂ ਆਦਿ ਗਿਫ਼ਟ ਦੇ ਰੂਪ ਵਿਚ ਭੇਟ ਕਰਦੀਆਂ ਸਨ। ਉਹ ਵਸਤਾਂ ਵੀਰ ਜੀ ਉਸੇ ਵੇਲੇ ਸੰਗਤਾਂ ਵਿਚ ਵਰਤਾ ਦੇਂਦੇ ਸਨ।

ਕਦੇ ਵੀ ਕੋਈ ਚੀਜ਼ ਆਪਣੇ ਘਰ ਨਹੀਂ ਭੇਜੀ। ਮਾਇਆ ਤਾਂ ਉਹ ਲੈਂਦੇ ਹੀ ਨਹੀਂ ਸਨ। ਨਿਸ਼ਕਾਮ ਸੇਵਾ ਕਰਦੇ ਸਨ ਪਰ ਜੋ ਸਿਰੋਪਾ ਕਿਰਪਾਨ ਆਦਿ ਸਨਮਾਨ ਵਜੋਂ ਪ੍ਰਾਪਤ ਹੁੰਦਾ ਸੀ, ਉਹ ਵੀ ਅਕਾਲ ਆਸ਼ਰਮ ਸੁਹਾਣਾ ਜਮਾਂ ਕਰਾ ਦਿੰਦੇ ਸਨ। ਜੋ ਕਿ ਉਥੋਂ ਅਗੋਂ ਸ਼ਖਸੀਅਤਾਂ ਨੂੰ ਦੇਣ ਦੇ ਕੰਮ ਆ ਜਾਂਦੇ ਸਨ। ਉਂਜ ਜੋ ਅਜ ਕਲ ਸਨਮਾਨਯੋਗ ਹਸਤੀਆਂ ਹਨ ਜਿਨ੍ਹਾਂ ਵਿਚ ਜਥੇਦਾਰ ਸਾਹਿਬਾਨ ਅਤੇ ਹੈੱਡ ਗ੍ਰੰਥੀ ਤੇ ਗ੍ਰੰਥੀ ਸਾਹਿਬ ਆ ਜਾਂਦੇ ਹਨ, ਨੂੰ ਸਤਿਕਾਰ ਵਜੋਂ ਜੋ ਮਾਇਆ ਮਿਲਦੀ ਹੈ, ਉਹ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਚ ਜਮਾਂ ਕਰਾਉਣੀ ਹੁੰਦੀ ਹੈ ਤੇ ਮਾਇਆ ਦੇਣ ਵਾਲੇ ਗੁਰਮੁਖ ਜਾਂ ਸੰਸਥਾ ਨੂੰ ਰਸੀਦ ਭੇਜਣੀ ਹੁੰਦੀ ਹੈ। ਸ਼੍ਰੋਮਣੀ ਕਮੇਟੀ ਦਾ ਮਤਾ ਤਾਂ ਇਥੋਂ ਤਕ ਦਰਸਾਉਂਦਾ ਹੈ ਕਿ ਇਨ੍ਹਾਂ ਮਹਾਂਪੁਰਖਾਂ ਨੂੰ ਰਸੀਦ ਬੁਕ ਕੋਲ ਰਖਣੀ ਚਾਹੀਦੀ ਹੈ ਤਾਂ ਜੋ ਉਸੇ ਸਮੇਂ ਹੀ ਸ਼ਰਧਾਲੂ ਸੱਜਣ ਨੂੰ ਦਿਤੀ ਜਾ ਸਕੇ ਪਰ ਅਜਿਹਾ ਹੁੰਦਾ ਨਹੀਂ। ਜਿਸ ਕਾਰਨ ਸੰਗਤਾਂ ਵਿਚ ਇਨ੍ਹਾਂ ਸ਼ਖਸੀਅਤਾਂ ਪ੍ਰਤੀ ਸ਼ਰਧਾ ਘਟੀ ਹੈ। ਵੀਰ ਜੀ ਨੇ ਇਹ ਆਦਰਸ਼ਕ ਰਸਤਾ ਦਸਿਆ ਪਰ ਇਸ ਤੇ ਅਮਲ ਕੌਣ ਕਰੇਗਾ।

ਬਾਬਾ ਫ਼ਰੀਦ ਦੀ ਇਕ ਸਾਖੀ ਪ੍ਰਸਿਧ ਹੈ ਕਿ ਇਕ ਵਾਰ ਇਕ ਵੇਸਵਾ ਨੇ ਉਨ੍ਹਾਂ ਨੂੰ ਪ੍ਰਸ਼ਨ ਕੀਤਾ ਕਿ ਤੁਹਾਡੀ ਦਾੜ੍ਹੀ ਜ਼ਿਆਦਾ ਸਿਧੀ ਹੈ ਜਾਂ ਮੇਰੇ ਕੁੱਤੇ ਦੀ ਪੂਛ।



ਬਾਬਾ ਫ਼ਰੀਦ ਜੀ ਚੁਪ ਰਹੇ ਜਦੋਂ ਫ਼ਰੀਦ ਜੀ ਦਾ ਅੰਤਮ ਸਮਾਂ ਆਇਆ ਤਾਂ ਉਨ੍ਹਾਂ ਆਪਣੇ ਚੇਲਿਆਂ ਨੂੰ ਕਿਹਾ ਕਿ ਉਸ ਵੇਸਵਾ ਨੂੰ ਸਦ ਕੇ ਲਿਆਓ- ਚੇਲੇ ਹੈਰਾਨ ਹੋ ਗਏ ਕਿ ਅੰਤਲੇ ਸਮੇਂ ਬਾਬਾ ਜੀ ਨੂੰ ਕੀ ਸੁਝਿਆ ਪਰ ਹੁਕਮ ਦੀ ਪਾਲਣਾ ਹੋਈ। ਵੇਸਵਾ ਆ ਗਈ ਤਾਂ ਬਾਬਾ ਜੀ ਨੇ ਉਸ ਨੂੰ ਆਖਿਆ ਕਿ ਉਨ੍ਹਾਂ ਦੀ ਦਾੜ੍ਹੀ ਤੇਰੇ ਕੁੱਤੇ ਦੀ ਪੂਛ ਨਾਲੋਂ ਚਿਟੀ ਹੈ ਤਾਂ ਵੇਸਵਾ ਨੇ ਕਿਹਾ ਕਿ ਇਹ ਗਲ ਤੁਸੀਂ ਉਸ ਦਿਨ ਵੀ ਉਸ ਨੂੰ ਕਹਿ ਸਕਦੇ ਸੀ। ਬਾਬਾ ਜੀ ਨੇ ਕਿਹਾ, ਕੀ ਪਤਾ ਸੰਸਾਰ ਵਿਚ ਮੇਰੇ ਕੋਲੋਂ ਕੋਈ ਪਾਪ ਹੋ ਜਾਂਦਾ ਤੇ ਮੇਰੀ ਦਾੜ੍ਹੀ ਨੂੰ ਦਾਗ ਲਗ ਜਾਂਦਾ। ਹੁਣ ਮੈਂ ਜਾ ਰਿਹਾ ਹਾਂ ਤਾਂ ਮੈਂ ਕਹਿ ਸਕਦਾ ਹਾਂ ਕਿ ਮੇਰੀ ਦਾੜ੍ਹੀ ਚਿਟੀ ਹੈ। ਬਿਲਕੁਲ ਇਸੇ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਵੀਰ ਜੀ ਚਿਟੀ ਚਾਦਰ ਲੈ ਕੇ ਗਏ ਹਨ ਇਹ ਅਕਾਲ ਪੁਰਖ ਦੀ ਉਨ੍ਹਾਂ ਤੇ ਕ੍ਰਿਪਾ-ਬਖਸ਼ਸ਼ ਹੋਈ ਹੈ।

ਗੁਰਬਾਣੀ ਤੇ ਗੁਰ ਇਤਿਹਾਸ ਵਿਚ ਸ਼ਬਦ ਗੁਰੂ ਦੇ ਸਿਧਾਂਤਾਂ ਨੂੰ ਐਸਾ ਪਰਚਾਰਿਆ ਕਿ ਇਸ ਦਾ ਪ੍ਰਭਾਵ ਹਮੇਸ਼ਾਂ ਸੰਗਤਾਂ ਵਿਚ ਰਹੇਗਾ। ਜਦੋਂ ਸਿਹਤ ਆਗਿਆ ਨਾ ਦੇਂਦੀ ਤਾਂ ਡਾਕਟਰ ਤੇ ਸੰਗਤ ਵੀ ਉਨ੍ਹਾਂ ਨੂੰ ਕੀਰਤਨ ਨਾ ਕਰਨ ਲਈ ਬੇਨਤੀ ਕਰਦੇ ਤਾਂ ਵੀਰ ਜੀ ਉਤਰ ਦੇਂਦੇ ਕਿ ਕੀ ਤੁਸੀਂ ਰੋਟੀ ਖਾਣੀ ਬੰਦ ਕਰ ਸਕਦੇ ਹੋ ? ਕੀਰਤਨ ਉਨ੍ਹਾਂ ਦੀ ਰੂਹ ਦੀ ਖੁਰਾਕ ਹੈ ਤੇ ਉਹ ਉਸ ਤੋਂ ਬਿਨਾਂ ਰਹਿ ਨਹੀਂ ਸਕਦੇ।



## *ਵੀਰ ਜੀ ਦੇ ਬਚਨ*

ਵੀਰ ਜੀ ਜਿਥੇ ਵੀ ਜਾਂਦੇ ਉਥੇ ਸੰਗਤਾਂ ਇਕੱਤਰ ਹੋ ਜਾਂਦੀਆਂ ਤੇ ਵੀਰ ਜੀ ਦੇ ਵਿਚਾਰ ਸੁਣਨ ਲਈ ਉਨ੍ਹਾਂ ਤੋਂ ਕੁਝ ਪ੍ਰਸ਼ਨ ਕਈ ਵਾਰ ਪੁਛੇ ਜਾਂਦੇ ਵੀਰ ਜੀ ਉਨ੍ਹਾਂ ਦਾ ਉਤਰ ਦੇਂਦੇ। ਵੀਰ ਜੀ ਨੇ ਦਸਿਆ ਕਿ ਅਮਰੀਕਾ ਵਿਚ ਉਨ੍ਹਾਂ ਇਕ ਰਾਤ ਦੇ ਦੀਵਾਨ ਵਿਚ ਕੀਰਤਨ ਕੀਤਾ ਤੇ ਸ਼ਬਦ ਪੜ੍ਹਿਆ

*“ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ”*

ਜਿਸ ਘਰ ਵਿਚ ਵੀਰ ਜੀ ਠਹਿਰੇ ਹੋਏ ਸਨ, ਉਥੇ ਉਨ੍ਹਾਂ ਦੀ ਸਪੁਤਰੀ ਨੇ ਜੋ ਕਿ ਬਹੁਤ ਪੜ੍ਹੀ ਲਿਖੀ ਵਿਦਵਾਨ ਸੀ, ਨੇ ਵੀਰ ਜੀ ਤੋਂ ਪ੍ਰਸ਼ਨ ਕੀਤਾ ਕਿ ਰਾਤ ਤੁਸੀਂ ਬਹੁਤ ਸੁੰਦਰ ਕੀਰਤਨ ਕੀਤਾ ਹੈ ਤੇ ਸਮਝਾਇਆ ਹੈ ਕਿ ਸਾਰੇ ਮਨੁਖਾਂ ਦੀ ਜਾਤ ਇਕੋ ਹੀ ਹੈ ਪਰ ਉਸ ਨੂੰ ਉਸਦੇ ਮਾਤਾ ਪਿਤਾ ਆਪਣੀ ਮਰਜ਼ੀ ਨਾਲ ਕਿਸੇ ਗ਼ੈਰ ਸਿਖ ਨਾਲ ਵਿਆਹ ਦੀ ਆਗਿਆ ਨਹੀਂ ਦੇਂਦੇ। ਵੀਰ ਜੀ ਨੇ ਕਿਹਾ ਕਿ ਇਸ ਦਾ ਉਤਰ ਉਹ ਰਾਤ ਨੂੰ ਦੀਵਾਨ ਵਿਚ ਕੀਰਤਨ ਵਿਚ ਦੇਣਗੇ ਤਾਂ ਉਸ ਪੁਤਰੀ ਨੇ ਜ਼ਿਦ ਕੀਤੀ ਕਿ ਰਾਤ ਨੂੰ ਨਹੀਂ ਹੁਣੇ ਹੀ ਉਸ ਨੂੰ ਨਿਜੀ ਤੌਰ ’ਤੇ ਇਹ ਸਪੱਸ਼ਟ ਕੀਤਾ ਜਾਵੇ। ਤਾਂ ਵੀਰ ਜੀ ਨੇ ਬਚਨ ਕੀਤੇ ਕਿ ਵੇਖ ਪੁਤਰੀ ਤੂੰ ਵਿਦਵਾਨ ਹੈਂ ਤੈਨੂੰ ਸਾਡੀ ਗਲ ਬਹੁਤ ਜਲਦੀ ਸਮਝ ਵਿਚ ਆ ਜਾਵੇਗੀ। ਵੀਰ ਜੀ ਨੇ ਕਿਹਾ ਕਿ ਵਾਹਿਗੁਰੁ ਨੇ ਜਨਮ ਤੇ ਮਰਨ ਦੋ ਚੀਜ਼ਾਂ ਆਪਣੇ ਕੋਲ ਰਖੀਆਂ ਹੋਈਆਂ ਹਨ ਤੇ ਅਜੋਕੀ ਸਾਇੰਸ ਤੇ 21ਵੀਂ ਸਦੀ ਵੀ ਇਨ੍ਹਾਂ ਬਾਰੇ ਆਪਣੇ ਆਪ ਨੂੰ ਬੇਵਸ ਸਮਝ ਰਹੀ ਹੈ।



ਮਰਨ ਦਾ ਸਮਾਂ ਕੇਵਲ ਅਕਾਲ ਪੁਰਖ ਨੂੰ ਹੀ ਪਤਾ ਹੈ ਕਿਸੇ ਮਨੁਖ ਨੂੰ ਨਹੀਂ। ਇਸੇ ਤਰ੍ਹਾਂ ਜਨਮ ਵੀ ਉਸ ਅਕਾਲ ਪੁਰਖ ਦੇ ਹਥ ਹੈ ਭਾਵ ਜਨਮ ਕਿਸੇ ਦੇ ਵਸ ਦੀ ਗਲ ਨਹੀਂ। ਕੋਈ ਵੀ ਮਨੁਖ ਆਪਣੀ ਮਰਜ਼ੀ ਨਾਲ ਕਿਸੇ ਖ਼ਾਸ ਪ੍ਰਾਣੀ ਦੇ ਘਰ ਜਨਮ ਨਹੀਂ ਲੈ ਸਕਦਾ ਜੇ ਅਜਿਹਾ ਹੁੰਦਾ ਤਾਂ ਗਰੀਬਾਂ ਦੀਆਂ ਝੁਗੀਆਂ ਝੌਂਪੜੀਆਂ ਵਿਚ ਕੌਣ ਜਨਮ ਲੈਣ ਨੂੰ ਤਿਆਰ ਹੁੰਦਾ ਸਗੋਂ ਹਰ ਇਕ ਪ੍ਰਾਣੀ ਕਿਸੇ ਅਮੀਰ, ਰਾਜੇ ਦੇ ਘਰ ਹੀ ਜਨਮ ਲੈਣ ਦੀ ਲੋਚਾ ਕਰਦਾ ਪਰ ਨਹੀਂ, ਇਹ ਕਿਸੇ ਦੇ ਵਸ ਨਹੀਂ। ਇਸੇ ਤਰ੍ਹਾਂ ਕਿਸ ਕੌਮ ਫ਼ਿਰਕੇ ਵਿਚ ਜਨਮ ਲੈਣਾ ਵੀ ਕਿਸੇ ਦੇ ਵਸ ਨਹੀਂ। ਇਹ ਵਾਹਿਗੁਰੂ ਹੀ ਭੇਜਦਾ ਹੈ ਕੋਈ ਕਿਸੇ ਹਿੰਦੂ, ਮੁਸਲਮਾਨ, ਈਸਾਈ ਜਾਂ ਸਿਖ ਦੇ ਘਰ ਜਨਮ ਆਪਣੀ ਇਛਾ ਅਨੁਸਾਰ ਨਹੀਂ ਲੈ ਸਕਦਾ। ਫਿਰ ਵੀਰ ਜੀ ਨੇ ਹੋਰ ਸਪੱਸ਼ਟ ਕੀਤਾ ਕਿ ਵਿਧਾਨ ਹਰ ਕੇਸ ਦਾ ਆਪਣਾ ਆਪਣਾ ਹੁੰਦਾ ਹੈ ਤੇ ਹੁੰਦੇ ਸਾਰੇ ਠੀਕ ਹਨ ਪਰ ਆਪਣੇ ਆਪਣੇ ਦੇਸ਼ ਅੰਦਰ ਹੀ ਜਿਵੇਂ ਤੁਸੀਂ ਅਮਰੀਕਾ ਵਿਚ ਰਹਿੰਦੇ ਹੋ ਤਾਂ ਤੁਹਾਨੂੰ ਇਥੋਂ ਦੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਇੰਗਲੈਂਡ ਵਾਲਿਆਂ ਨੂੰ ਆਪਣੇ, ਪਾਕਿਸਤਾਨ ਤੇ ਹਿੰਦੁਸਤਾਨ ਵਿਚ ਉਨ੍ਹਾਂ ਦੇ ਆਪਣੇ ਨਿਯਮ ਲਾਗੂ ਹੁੰਦੇ ਹਨ।

ਅਮਰੀਕਾ ਵਿਚ ਸਜੇ ਹਥ ਵਾਹਨ ਚਲਦੇ ਹਨ ਪਰ ਹਿੰਦੁਸਤਾਨ ਵਿਚ ਖਬੇ ਹਥ ਦੋਵੇਂ ਠੀਕ ਹਨ ਪਰ ਆਪਣੀ ਆਪਣੀ ਜਗ੍ਹਾ। ਪਰ ਜੇਕਰ ਦੂਜੇ ਦੇਸ਼ ਵਿਚ ਆਪਣਾ ਨਿਯਮ ਲਾਗੂ ਕਰਨਾ ਚਾਹਵਾਂਗੇ ਤਾਂ ਉਹ ਗਲਤ ਹੋਵੇਗਾ। ਇਸ ਤਰ੍ਹਾਂ ਜਿਸ ਕੌਮ ਵਿਚ ਜਿਸ ਦਾ ਜਨਮ ਹੋਇਆ ਹੈ (ਜੋ ਕਿ ਉਸ ਦੇ ਆਪਣੇ ਵਸ ਨਹੀਂ) ਉਸ ਨੂੰ ਉਸ ਕੌਮ ਦੇ ਨਿਯਮ, ਪਰੰਪਰਾ ਹੀ ਅਪਨਾਉਣੀ ਪਵੇਗੀ। ਜੇਕਰ ਤੇਰਾ



ਜਨਮ ਸਿਖ ਘਰਾਣੇ ਵਿਚ ਹੋਇਆ ਹੈ ਤਾਂ ਤੇਰਾ ਇਹ ਫ਼ਰਜ਼ ਹੈ ਕਿ ਸਿਖਾਂ ਦੀ ਰਹਿਤ ਮਰਿਆਦਾ ਵਿਚ ਹੀ ਰਹੇਂ ਤੇ ਇਸੇ ਤਰ੍ਹਾਂ ਜੋ ਮੁਸਲਮਾਨ ਦੇ ਘਰ ਪੈਦਾ ਹੋਇਆ ਹੈ ਉਹ ਉਥੋਂ ਦੇ ਨਿਯਮ ਅਪਨਾਏ।

## *ਵਿਦੇਸ਼ਾਂ ਵਿਚ ਫੇਰੀ*

ਵੀਰ ਜੀ ਵਿਦੇਸ਼ਾਂ ਵਿਚ ਵੀ ਜਾਂਦੇ ਰਹਿੰਦੇ ਸਨ। ਪ੍ਰਚਾਰਕ ਤੇ ਰਾਗੀ, ਢਾਡੀ ਆਮ ਹੀ ਜਾਂਦੇ ਰਹਿੰਦੇ ਹਨ ਪਰ ਵੀਰ ਜੀ ਦੀ ਫੇਰੀ ਵਿਚ ਦੂਜਿਆਂ ਦੀ ਫੇਰੀ ਵਿਚ ਬਹੁਤ ਅੰਤਰ ਹੈ। ਜਿਥੇ ਬਾਕੀ ਸਾਰੇ ਪੈਸੇ ਕਮਾਉਣ ਜਾਂਦੇ ਹਨ ਕਿਉਂ ਜੋ ਉਨ੍ਹਾਂ ਨੇ ਇਸ ਪ੍ਰਚਾਰ ਆਪਣਾ ਰੋਜ਼ੀ ਰੋਟੀ ਦਾ ਕਿੱਤਾ ਬਣਾਇਆ ਹੋਇਆ ਹੈ ਤੇ ਵਾਪਸੀ 'ਤੇ ਚੋਖਾ ਸਾਮਾਨ ਲਿਆਂਦੇ ਹਨ ਕਿਉਂ ਜੋ ਵੀਰ ਜੀ ਨੇ ਕੀਰਤਨ, ਕਥਾ ਅਤੇ ਪ੍ਰਚਾਰ ਨੂੰ ਕਿਤੇ ਵਜੋਂ ਨਹੀਂ ਅਪਨਾਇਆ ਸਗੋਂ ਵੀਰ ਜੀ ਕੇਵਲ ਨਿਸ਼ਕਾਮ ਪ੍ਰਚਾਰ ਕਰਦੇ ਸਨ ਤੇ ਆਪਣੇ ਸਾਥੀਆਂ ਨੂੰ ਵੀ ਇਹ ਪੁਰਜ਼ੋਰ ਤਰੀਕੇ ਨਾਲ ਸਮਝਾਇਆ ਹੁੰਦਾ ਸੀ ਕਿ ਵਾਪਸੀ ਤੇ ਕੋਈ ਕਿਸੇ ਕਿਸਮ ਦਾ ਗਿਫ਼ਟ ਭਾਵੇਂ ਉਹ ਕਿਸੇ ਰਿਸ਼ਤੇਦਾਰ ਕੋਲੋਂ ਵੀ ਕਿਉਂ ਨਾ ਹੋਵੇ ਨਹੀਂ ਲਿਆਉਣਾ। ਰੁਮਾਲ ਤਕ ਨਹੀਂ ਪ੍ਰਵਾਨ ਕਰਨਾ ਤੇ ਵੀਰ ਜੀ ਦਸਦੇ ਸਨ ਕਿ ਸਾਡਾ ਆਪਣਾ ਹੀ ਕੋਈ ਨਾ ਕੋਈ ਸਾਮਾਨ ਕਛਹਿਰਾ ਆਦਿ ਉਥੇ ਭਾਵੇਂ ਰਹਿ ਜਾਵੇ ਇਧਰ, ਉਧਰੋਂ ਕੁਝ ਵੀ ਨਹੀਂ ਲਿਆਂਦੇ ਸਨ। ਹਾਂ ਨਾਲ ਜਾਣ ਵਾਲਿਆਂ ਸਾਥੀਆਂ ਨੂੰ ਵਾਪਸ ਆ ਕੇ ਹਰ ਫੇਰੀ ਤੇ ਆਪਣੇ ਵਜੋਂ ਕਿਸੇ ਨਾ ਕਿਸੇ ਢੰਗ ਨਾਲ ਸਨਮਾਨਤ ਕਰਦੇ ਸਨ। ਇਸੇ ਤਰ੍ਹਾਂ ਜਦੋਂ ਕਿਧਰੇ ਸਪੈਸ਼ਲ ਸਮਾਗਮ ਹੁੰਦੇ ਸਨ ਤਾਂ ਵੀਰ ਜੀ ਇਨ੍ਹਾਂ ਸਾਥੀਆਂ ਨੂੰ ਉਚੇਚਾ ਸਨਮਾਨ ਦੇਂਦੇ ਸਨ ਪਰ ਇਨ੍ਹਾਂ ਸਾਥੀਆਂ ਨੂੰ ਇਹ ਵੀ ਤਾਦੀਦ ਸੀ ਕਿ



ਸਵੇਰੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ ਹੈ, ਨਿਤਨੇਮ ਕਰਨਾ ਹੈ ਭਾਵ ਜੋ ਤੁਸੀਂ ਸਟੇਜ ਤੇ ਪ੍ਰਚਾਰ ਕਰਦੇ ਹੋ ਪਹਿਲਾਂ ਆਪਣੇ ਤੇ ਲਾਗੂ ਕਰਨਾ ਹੈ।

### *ਅਕਾਲ ਪੁਰਖ ਦੀ ਬਖਸ਼ਸ਼*

ਵੀਰ ਜੀ ਤੇ ਅਕਾਲ ਪੁਰਖ ਦੀ ਰਹਿਮਤ ਵੀ ਬਹੁਤ ਰਹੀ ਹੈ। ਪ੍ਰਸਿਧੀ, ਦੌਲਤ, ਇਜ਼ਤ-ਮਾਣ ਤੇ ਭਾਵੇਂ ਬਹੁਤਿਆਂ ਨੂੰ ਮਿਲਦਾ ਹੈ ਪਰ ਜੋ ਸਤਿਕਾਰ ਦਿਲੋਂ ਸੰਗਤਾਂ ਵੀਰ ਜੀ ਦਾ ਕਰਦੀਆਂ ਹਨ ਸ਼ਾਇਦ ਇਹ ਬਖਸ਼ਸ਼ ਬਹੁਤਿਆਂ ਤੇ ਨਾ ਹੋਵੇ। ਟਰੱਸਟ ਵੀ ਕਈ ਸੰਤਾਂ ਸਾਧਾਂ ਤੇ ਰਾਗੀਆਂ ਨੇ ਬਣਾਏ ਹੋਏ ਹਨ ਉਨ੍ਹਾਂ ਦੀ ਆਮਦਨ ਵੀ ਬਹੁਤ ਜ਼ਿਆਦਾ ਹੈ ਉਹ ਗਰੀਬਾਂ ਤੇ ਲੋੜਵੰਦਾਂ ਦੀ ਪੂਰਤੀ ਵੀ ਕਾਫ਼ੀ ਹਦ ਤਕ ਕਰ ਰਹੇ ਹਨ ਪਰ ਟਰੱਸਟ ਜਾਤੀ ਹਨ ਤੇ ਉਨ੍ਹਾਂ ਦੇ ਟਰੱਸਟੀ ਪਰਿਵਾਰਕ ਮੈਂਬਰ ਹੀ ਬਹੁਤੇ ਹੁੰਦੇ ਹਨ ਤੇ ਜਿਤਨੀ ਵੀ ਚਲ-ਅਚਲ ਜਾਇਦਾਦ ਬਣ ਰਹੀ ਹੈ ਉਹ ਵੀ ਉਨ੍ਹਾਂ ਦੇ ਕੋਲ ਹੀ ਹੈ ਤੇ ਅੰਤ ਨੂੰ ਉਨ੍ਹਾਂ ਦੇ ਪਰਿਵਾਰ ਵਿਚ ਹੀ ਰਹਿਣੀ ਹੈ ਪਰ ਇਹ ਅਕਾਲ ਪੁਰਖ ਦੀ ਕਿਰਪਾ ਹੈ ਕਿ ਵੀਰ ਜੀ ਨੇ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਟਰੱਸਟ ਵਿਚ ਨਹੀਂ ਪਾਇਆ ਤੇ ਭੈਣ ਜੀ ਦਲਜੀਤ ਕੌਰ ਸੁਪਤਨੀ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਤੇ ਵੀ ਅਕਾਲ ਪੁਰਖ ਦੀ ਕਿਰਪਾ ਹੈ ਕਿ ਉਹ ਕਿਸੇ ਕਿਸਮ ਦਾ ਸਨਮਾਨ ਵੀ ਪ੍ਰਾਪਤ ਨਹੀਂ ਕਰਦੇ। ਜਲੰਧਰ ਵਿਖੇ ਸਾਰੀਆਂ ਸੰਗਤਾਂ ਸਿੰਘ ਸਭਾਵਾਂ ਤੇ ਧਾਰਮਿਕ ਜਥੇਬੰਦੀਆਂ ਵਲੋਂ ਰਲ ਕੇ ਇਕ ਸਮਾਗਮ ਵੀਰ ਜੀ ਦੀ ਪਿਆਰੀ ਤੇ ਮਿਠੀ ਯਾਦ ਵਿਚ ਰਖਿਆ ਇਹ ਸਮਾਗਮ ਗੁਰਦੁਆਰਾ ਮਾਡਲ ਟਾਊਨ ਵਿਖੇ ਹੋਇਆ ਤਾਂ ਇਹ ਨਿਰਣਾ ਲਿਆ ਗਿਆ ਕਿ ਭੈਣ ਦਲਜੀਤ ਕੌਰ ਜੀ ਨੂੰ ਸਨਮਾਨਤ ਕੀਤਾ ਜਾਵੇ ਜਿਸ ਵਿਚ



ਦੁਸ਼ਾਲਾ ਤੇ ਸਿਰੋਪਾਓ ਦਿਤਾ ਜਾਵੇ ਪਰ ਭੈਣ ਜੀ ਨੇ ਇਨਕਾਰ ਕਰ ਦਿਤਾ ਕਿ ਉਨ੍ਹਾਂ ਨਾ ਤਾਂ ਵੀਰ ਜੀ ਦੇ ਹੁੰਦਿਆਂ ਕੋਈ ਸਨਮਾਨ ਲਿਆ ਹੈ ਤੇ ਨਾ ਹੀ ਹੁਣ ਲੈਣਾ ਹੈ। ਭੈਣ ਜੀ ਦੀ ਵੀ ਬਹੁਤ ਕੁਰਬਾਨੀ ਹੈ। ਜਦੋਂ ਵੀਰ ਜੀ ਨੇ 1983 ਵਿਚ ਅਕਾਲ ਆਸ਼ਰਮ ਆਰੰਭ ਕੀਤਾ ਤਾਂ ਵੀਰ ਜੀ ਖੰਨੇ ਤੋਂ ਇਥੇ ਸੁਹਾਣਾ ਵਿਖੇ ਆ ਗਏ ਪਰ ਉਨ੍ਹਾਂ ਦੀ ਸੁਪਤਨੀ ਖੰਨੇ ਸਕੂਲ ਵਿਚ ਨੌਕਰੀ ਕਰਦੇ ਸਨ ਤਾਂ ਵੀਰ ਜੀ ਨੇ ਕਿਹਾ ਕਿ ਉਹ ਰੀਟਾਇਰ ਹੋਣ ਉਪਰੰਤ ਹੀ ਮੁਹਾਲੀ ਆਉਣ ਤਾਂ ਜੋ ਪੈਨਸ਼ਨ ਮਿਲ ਜਾਇਆ ਕਰੇਗੀ ਤੇ ਘਰ ਦਾ ਗੁਜ਼ਾਰਾ ਹੋ ਜਾਵੇਗਾ। ਇਥੇ ਇਹ ਗਲ ਲਿਖਣਯੋਗ ਹੈ ਕਿ ਵੀਰ ਜੀ ਆਸ਼ਰਮ/ਟਰੱਸਟ ਵਿਚ ਜਾਤੀ ਜਾਂ ਪਰਿਵਾਰ ਤੇ ਕੋਈ ਪੈਸੇ ਨਹੀਂ ਖਰਚਦੇ ਸਨ। ਇਸ ਲਈ ਵੀਰ ਜੀ ਦੀ ਸੁਪਤਨੀ ਰੀਟਾਇਰ ਹੋਣ ਉਪਰੰਤ 2000 ਵਿਚ ਮੁਹਾਲੀ ਆਏ ਭਾਵ 17 ਸਾਲ ਖੰਨੇ ਰਹਿਣਾ ਵੀਰ ਜੀ ਦਾ ਮੋਹਾਲੀ ਰਹਿਣਾ ਇਹ ਅਕਾਲ ਪੁਰਖ ਦੀ ਬਖਸ਼ਸ਼ ਤੋਂ ਬਿਨਾਂ ਕੁਰਬਾਨੀ ਨਹੀਂ ਕੀਤੀ ਜਾ ਸਕਦੀ।

## *ਘਾਲ ਖਾਇ ਕਿਛੁ ਹਥੋਂ ਦੇਹ*

ਜਦ ਵੀਰ ਜੀ ਦੀ ਯਾਦ ਵਿਚ 22-10-2006 ਨੂੰ ਗੁਰਮਤਿ ਸਮਾਗਮ ਹੋਏ ਭੈਣ ਦਲਜੀਤ ਕੌਰ ਨੇ ਡੇਢ ਲੱਖ (1,50,000) ਰੁਪੈ ਆਪਣੇ ਕੋਲੋਂ ਅਕਾਲ ਆਸ਼ਰਮ ਲਈ ਭੇਟਾ ਕੀਤੇ।



## ਸਾਡਾ ਫ਼ਰਜ਼

ਉਪਰੋਕਤ ਸਾਰੀ ਵਾਰਤਾ ਤੋਂ ਇਹ ਭਲੀ ਭਾਂਤ ਸਿਧ ਹੋ ਜਾਂਦਾ ਹੈ ਕਿ ਵੀਰ ਜੀ ਦੇ ਪਰਿਵਾਰ ਨੂੰ ਕਿਸੇ ਕਿਸਮ ਦੀ ਕੋਈ ਇਛਾ ਨਹੀਂ ਪਰ ਸਾਡਾ ਸੰਗਤਾਂ ਦਾ ਫ਼ਰਜ਼ ਬਣਦਾ ਹੈ ਕਿ ਜਿਵੇਂ ਕਿ ਭੋਗ ਸਮਾਗਮ ਸਮੇਂ 22-10-2006 ਨੂੰ ਜਥੇਦਾਰ ਸਾਹਿਬ ਤਖਤ ਸ੍ਰੀ ਤਲਵੰਡੀ ਸਾਬੋ ਸਿੰਘ ਸਾਹਿਬ ਭਾਈ ਤਰਲੋਚਨ ਸਿੰਘ ਅਨੰਦਗੜ੍ਹ ਜੀ ਨੇ ਸਟੇਜ ਤੇ ਕਿਹਾ ਸੀ ਕਿ ਵੀਰ ਜੀ ਨੇ ਪਰਿਵਾਰ ਲਈ ਕੁਝ ਵੀ ਨਹੀਂ ਕੀਤਾ ਤੇ ਹੁਣ ਸਾਡਾ ਫ਼ਰਜ਼ ਹੈ ਕਿ ਵੀਰ ਜੀ ਦੀ ਸੁਪਤਨੀ ਨੂੰ ਪੂਰਾ ਮਾਣ ਸਤਿਕਾਰ ਦਈਏ ਤੇ ਬਚਿਆਂ ਨੂੰ ਵੀ ਪੂਰਾ ਪੂਰਾ ਪਿਆਰ ਦਈਏ।

ਵੀਰ ਜੀ ਕੀਰਤਨ ਅਥਵਾ ਵਿਆਖਿਆ ਕਰਨ ਲਗਿਆਂ ਸਹਿਜ ਸੁਭਾਅ ਹੀ ਕੁਝ ਐਸੀਆਂ ਉਦਾਹਰਣਾਂ ਦੇ ਜਾਂਦੇ ਸਨ। ਜਿਹੜੀਆਂ ਪਹਿਲਾਂ ਕਿਸੇ ਕਿਤਾਬ ਵਿਚ ਨਹੀਂ ਮਿਲਦੀਆਂ। ਉਹ ਬਿਲਕੁਲ ਮੌਲਕ ਹੁੰਦੀਆਂ ਅਤੇ ਜੋ ਮੁਹਾਵਰਿਆਂ ਵਾਂਗ ਸਦਾ ਹੀ ਸੰਜੀਵ ਸਿਖਿਆ ਦਾਇਕ ਹਨ। ਅਜਿਹੇ 21 ਬਚਨ ਵੀਰ ਜੀ ਦੇ ਹੁੰਦਿਆਂ ਹੀ ਨੋਟ ਕਰ ਲਏ ਗਏ ਸਨ, ਇਨ੍ਹਾਂ ਸਾਰੇ ਬਚਨਾਂ ਨੂੰ ਪ੍ਰਚਾਰਨ ਦੀ ਹੀ ਨਹੀਂ ਬਲਕਿ ਇਨ੍ਹਾਂ ਤੇ ਅਮਲ ਕਰਨ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਾਲਿਆਂ 22-10-2006 ਨੂੰ ਵੀਰ ਜੀ ਦੇ ਭੋਗ ਸਮੇਂ ਇਕ ਵਿਸ਼ੇਸ਼ ਬੋਰਡ ਵੀਰ ਜੀ ਦੇ ਬਚਨਾਂ ਦਾ ਰਖਿਆ ਸੀ ਜੋ ਦਾਸ ਨੇ ਪੜ੍ਹਿਆ। ਇਹ ਬਚਨ ਇਸ ਪ੍ਰਕਾਰ ਹਨ:



1. ਅੱਜ ਸਾਰਾ ਜਗਤ ਗੁਰ ਸ਼ਬਦ ਨੂੰ ਛੱਡ ਸਰੀਰਾਂ ਨਾਲ ਜੁੜ ਰਿਹਾ ਹੈ। ਪਰ ਗੁਰ ਸ਼ਬਦ ਦੀ ਟੇਕ ਤੋਂ ਬਗੈਰ ਢੋਈ ਨਹੀਂ।

2. "ਹੁਕਮ" ਕਹਿਣਾ ਅਤੇ ਸੁਨਣਾ ਸੌਖਾ ਹੈ ਪਰ ਮੰਨਣਾ ਅਤੀ ਮੁਸ਼ਕਿਲ ਹੈ। ਮੰਨਣ ਵਾਲੇ ਹੀ ਗੁਰੂ ਕ੍ਰਿਪਾ ਦੇ ਪਾਤਰ ਬਣ ਸਕਦੇ ਹਨ।

3. ਦੁਖ ਅਤੇ ਸੁੱਖ ਕਰਮਾਂ ਕਰਕੇ ਮਿਲਦੇ ਹਨ ਪਰ ਗੁਰਮੁਖ ਦੁਖ ਨੂੰ ਵੀ ਰਜਾ ਦਾ ਰੂਪ ਮੰਨ ਕੇ ਸੁੱਖ ਅਨੁਭਵ ਕਰਦਾ ਹੈ।

4. ਦਾਤਾ ਮਾਣੋ ਪਰ ਜੁੜੋ ਦਾਤਾਰ ਨਾਲ।

5. ਚਿੰਤਾ ਨਾ ਕਰ, ਚੇਤੇ ਕਰ ਸਾਈਂ ਨੂੰ, ਚਿੰਤਾ ਮਿਟ ਜਾਵੇਗੀ।

6. ਗੁਰੂ ਕਰੇ ਤੁਹਾਡੀ ਗੁਰੂ ਨਾਲ ਬਣ ਆਏ।

7. ਹਉਮੈ ਦਾ ਮਿਟਣਾ ਹੀ ਰੱਬ ਦਾ ਮਿਲਾਪ ਹੈ।

8. ਜੋ ਮਨ ਤੋਂ ਨਾ ਹਾਰੇ ਉਹ ਕਿਸੇ ਤੋਂ ਨਹੀਂ ਹਾਰਦਾ।

9. ਤੇਰੇ ਪਿਆਰ ਦੀ ਕਸਮ ਮੈਂ ਜੀਉਂਦਾ ਹੀ ਤੇਰੇ ਪਿਆਰ ਲਈ ਹਾਂ।



10. ਸਦੀਵੀ ਮੌਜ ਕੇਵਲ ਗੁਰੂ ਦੀ ਚਰਨ ਸ਼ਰਨ ਵਿਚ ਹੀ ਹੈ।

11. ਜੋ ਸਿੱਖ ਗੁਰੂ ਦੀ ਸਿੱਖਿਆ ਦੇ ਸ਼ੀਸ਼ੇ ਚੋਂ ਆਪਣਾ ਸਰੂਪ ਤਕੇ, ਉਹ ਨਿਰਮਲ ਆਤਮਾ ਹੈ।

12. ਹੇ ਰੱਬਾ ਭੁਲਿਆ ਸਦਾ ਮੈਂ ਹੀ ਹਾਂ, ਤੂੰ ਕਦੇ ਨਹੀਂ ਭੁਲਿਆ।

13. ਤੈਥੋਂ ਰਬ ਦੂਰ ਨਹੀਂ, ਜਰਾ ਗੁਰੂ ਦੀਆਂ ਅੱਖਾਂ ਨਾਲ ਧੋ ਲਵੋ।

14. ਗੁਰ ਪ੍ਰਸਾਦਿ ਵਰਤਦਿਆਂ ਹੀ ਤੇਰੇ ਤੇ ਪ੍ਰਮੇਸ਼ਰ ਚੋਂ ਵਿਥ ਮੁਕ ਜਾਏਗੀ।

15. ਆਪਣੇ ਕੀਤੇ ਗੁਨਾਹਾਂ ਨੂੰ ਪਸ਼ਚਾਤਾਪ ਦੇ ਹੰਝੂਆਂ ਨਾਲ ਧੋ ਲਵੋ।

16. ਬੰਦੇ ਜੇ ਤੂੰ ਆਪਣੇ ਪ੍ਰਾਣ ਬਚਾਉਣਾ ਚਾਹੁੰਦਾ ਹੈ ਤਾਂ ਗੁਰਬਾਣੀ ਨੂੰ ਕਦੇ ਨਾ ਭੁਲੀ।

17. ਮੈਂ ਸਮਝ ਗਿਆ ਤੇਰੀ ਯਾਦ ਹੀ ਤੇਰਾ ਆਸਣ ਹੈ।

18. ਵਾਹਿਗੁਰੂ ਤੇਰਾ ਹਰ ਬੋਲ ਮੁਰਦੇ ਵਿਚ ਜਾਨ ਪਾ ਦੇਣ ਵਾਲਾ ਹੈ।

19. ਸੱਚ ਸੁਣਨ ਸਮੇਂ ਕੇਵਲ ਸੱਚ ਹੀ ਸੁਣਨਾ।



20. ਜੋ ਰਾਮ ਰਸਿਆ ਹੋਇਆ ਜਾਣ ਕਰ ਉਸ ਨੂੰ ਯਾਦ ਕਰਦਾ ਹੈ, ਉਹ ਉਸ ਵਿਚ ਹੀ ਰਮ ਜਾਂਦਾ ਹੈ (ਸਮਾ ਜਾਂਦਾ ਹੈ)

22. ਉਚੇ ਤੇ ਸੁਚੇ ਇਮਾਨ ਵਾਲਾ ਮਨੁੱਖ ਹੀ ਦਿਲਾਂ ਦਾ ਰਾਜਾ ਹੁੰਦਾ ਹੈ।

23. ਜੇ ਮਨੁਖ ਆਪਣੇ ਆਕੀਦੇ ਤੇ ਕਾਇਮ ਰਹੇ ਉਹ ਪੂਰਾ ਮਨੁਖ ਹੈ।

24. ਇਕ ਵਾਰ ਰੱਬ ਮਿਲ ਪਵੇ, ਫਿਰ ਕਦੇ ਵਿਛੋੜਾ ਨਹੀਂ ਹੁੰਦਾ।

25. ਗੁਰਬਾਣੀ ਹੀ ਗੁਰੂ ਹੈ, ਗੁਰੂ ਹੀ ਪ੍ਰਮਾਤਮਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਡ ਕੇ ਕੋਈ ਹੋਰ ਰੱਬ ਲੱਭਣ ਨਾ ਤੁਰ ਪੈਣਾ।



ਜਿਵੇਂ ਕਿ ਪਹਿਲਾਂ ਇਹ ਦਸਿਆ ਗਿਆ ਹੈ ਕਿ ਵੀਰ ਜੀ ਪਹਿਲਾਂ ਪਹਿਲ ਧਾਰਮਿਕ ਸਟੇਜਾਂ ਤੇ ਬੜੇ ਜੋਸ਼ ਨਾਲ ਕਵਿਤਾ ਪੜ੍ਹਿਆ ਕਰਦੇ ਸਨ ਤਾਂ ਇਨ੍ਹਾਂ ਦੇ ਨਾਂ ਨਾਲ ਜੋਸ਼ੀ ਲਗ ਗਿਆ ਪਰ ਬਾਅਦ ਵਿਚ ਵੀਰ ਜੀ ਨੂੰ ਖ਼ਾਲਸਾ ਦੀ ਉਪਾਧੀ ਮਿਲ ਗਈ। ਇਹ ਕਵਿਤਾਵਾਂ ਅਜੇ ਤਕ ਲੇਖਕ ਦੇ ਹਥ ਨਹੀਂ ਲਗੀਆਂ। ਇਨ੍ਹਾਂ ਨੂੰ ਲਭਣ ਦੇ ਯਤਨ ਕੀਤੇ ਜਾ ਰਹੇ ਹਨ ਕਿਉਂ ਜੋ ਸੰਭਵ ਹੈ ਜੋ ਵੀਰ ਭਾਈ ਸਾਹਿਬ ਦੇ ਬਹੁਤ ਨੇੜੇ ਸਨ ਤੇ ਉਨ੍ਹਾਂ ਦੀਆਂ ਲਿਖਤਾਂ ਤੇ ਵਚਨ ਰੀਕਾਰਡ ਕਰਦੇ ਸਨ ਉਨ੍ਹਾਂ ਪਾਸ ਹੋਣ ਮਿਲਣ ਤੇ ਉਨ੍ਹਾਂ ਨੂੰ ਕਿਤਾਬਚੇ ਦੇ ਰੂਪ ਵਿਚ ਜਾਂ ਇਸ ਪੁਸਤਕ ਦੀ ਅਗਲੀ ਐਡੀਸ਼ਨ ਵਿਚ ਪ੍ਰਕਾਸ਼ਤ ਕੀਤਾ ਜਾਵੇਗਾ। ਗੁਰੂ ਕ੍ਰਿਪਾ ਨਾਲ ਕੁਝ ਕਵਿਤਾਵਾਂ ਜੋ ਕਿ ਵੀਰ ਜੀ ਦੀਆਂ ਹਥ ਲਿਖਤ ਹਨ ਉਹ ਵੀਰ ਦਵਿੰਦਰ ਸਿੰਘ ਜੀ ਅਨੰਦ ਪਾਸੋਂ ਪ੍ਰਾਪਤ ਹੋਈਆਂ ਹਨ ਜਿ੍ਹਾਂ ਨੂੰ ਇਸ ਵਿਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਪਾਠਕ ਪੜ੍ਹਨ ਤੇ ਆਪ ਹੀ ਸਮਝ ਜਾਣਗੇ ਕਿ ਵੀਰ ਜੀ ਤੇ ਕਿਤਨੀ ਅਕਾਲ ਪੁਰਖ ਦੀ ਕ੍ਰਿਪਾ ਕਿ ਭਾਈ ਵੀਰ ਸਿੰਘ ਤੋਂ ਬਾਅਦ ਅਜਿਹੀ ਕਵਿਤਾ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ ਹੈ।

ਇਨ੍ਹਾਂ ਕਵਿਤਾਵਾਂ ਦਾ ਪਿਛੋਕੜ ਵੀ ਇੰਨਾ ਹੈ ਵੀਰ ਜੀ ਦੇ ਸ਼ਬਦ ਗਾਇਨ ਕਰਦਿਆਂ ਗਲੇ ਦੀ ਇਕ ਨਾੜ ਨਪੀ ਗਈ ਤੇ ਡਾਕਟਰ ਸਾਹਿਬਾਨ ਨੇ ਚੈੱਕਅਪ ਕਰਨ ਉਪਰੰਤ ਵੀਰ ਜੀ ਨੂੰ ਇਹ ਸਖਤੀ ਨਾਲ ਕਿਹਾ ਕਿ ਵੀਰ ਜੀ ਹੁਣ ਕੀਰਤਨ ਨਹੀਂ ਕਰਨਗੇ ਤੇ ਘਟੋ ਘਟ ਇਕ ਮਹੀਨਾ ਜਾਂ ਡੇਢ ਮਹੀਨਾ ਮੋਨ ਰਖਣਗੇ। ਗਲ ਵੀ ਨਹੀਂ ਕਰਨਗੇ ਤਾਂ ਜੋ ਇਨ੍ਹਾਂ ਦੀਆਂ ਗਲਾ ਦੀਆਂ ਰਗਾਂ ਠੀਕ ਹੋ ਸਕਣ ਤੇ ਜੋ ਕੋਈ ਗਲ ਕਰਨੀ ਹੈ ਤਾਂ ਲਿਖ ਕੇ ਕਰਨਗੇ। ਇਹ ਗਲ 1-6-1994 ਦੀ ਹੈ। ਵੀਰ ਜੀ ਨੇ ਉਸ ਸਮੇਂ ਕਾਗਜ਼ ਲੈ ਕੇ ਲਿਖਣਾ ਆਰੰਭ ਕੀਤਾ ਤਾਂ ਵਾਹਿਗੁਰੂ ਨੇ



ਐਸੀ ਕਲਾ ਵਰਤਾਈ ਕਿ 24 ਸਾਲ ਬਾਅਦ ਫਿਰ ਕਵਿਤਾ ਲਿਖਣੀ ਸ਼ੁਰੂ ਕੀਤੀ ਜੋ ਕਿ ਬਿਲਕੁਲ ਇਤਨੇ ਸਾਲ ਇਕ ਲਾਈਨ ਵੀ ਨਹੀਂ ਲਿਖੀ ਪਰ ਕਵਿਤਾ ਦਾ ਆਪ ਮੁਹਾਰੇ ਫੁਟਣਾ ਇਹ ਵਾਹਿਗੁਰੂ ਦੀ ਖੇਡ ਹੀ ਕਹੀ ਜਾ ਸਕਦੀ ਹੈ। ਵੀਰ ਜੀ ਨੇ ਇਹ ਗਲ ਆਪ ਹੀ ਆਪਣੀ ਕਲਮ ਨਾਲ ਆਪ ਹੀ ਲਿਖੀ ਜੋ ਕਿ ਹੇਠਾਂ ਦਿਤੀ ਜਾ ਰਹੀ ਹੈ-

ਆਪੇ ਪਟੀ ਕਲਮ ਆਪ
ਲਿਖਹਾਰ ਭੀ ਤੂੰ
ਕਦੇ ਕਲਮ ਨੇ ਕਵਿਤਾ ਲਿਖੀ
ਕਈ ਵਾਰ ਲਿਖੀਆਂ ਰੁਬਾਈਆਂ॥
ਕਲਮ ਮੁਰਦਾ ਹੋ ਕੇ ਟੁਟ ਗਈ
ਕਈ ਸਾਲ ਹਰੀਆਂ ਜੁਦਾਈਆਂ॥
ਕੀ ਆਖਾਂ ਇਕ ਖਾਮੋਸ਼ੀ ਅੰਦਰ
ਕੈਸੀ ਸਤਿਗੁਰ ਨਵਰਾ ਪਾਈ॥
ਕਦੀ ਮਰੇ ਜੀਵਾਏ ਸਤਿਗੁਰ
ਕਲਮ ਮੇਰੀ ਸਤਿਗੁਰ ਜੀਵਾਈ॥
ਮੁੜ ਕੇ ਕਲਮ ਜੀ ਤੂੰ ਵੀ ਹੋ ਗਈ
ਅੰਦਰੋਂ ਦਾਤੇ ਜੋਤਿ ਜਗਾਈ॥
ਦਾਤੇ ਅੰਦਰੋਂ ਰਹਿਮਤ ਕੀਤੀ
ਕਵਿਤਾ ਰਾਹੀਂ ਕਰੀ ਵਡਿਆਈ॥



24 ਸਾਲਾਂ ਬਾਅਦ ਵੀਰ ਜੀ ਨੇ ਕਵਿਤਾਵਾਂ ਲਿਖੀਆਂ। ਇਹ ਵੀਰ ਜੀ ਨੇ ਕਵਿਤਾ ਰਾਹੀਂ ਆਪ ਹੀ ਲਿਖੀ ਹੈ ਉਨ੍ਹਾਂ ਦੀ ਲਿਖੀ ਕਵਿਤਾ ਇਸ ਪ੍ਰਕਾਰ ਹੈ-

“ਕਉਲ ਤੂੰ ਹੈ ਕਵੀਆ ਤੂੰ ਹੈ”
ਜੋ ਮੁਖੋਂ ਬੋਲ ਨ ਸਕਦੇ
ਤੂੰ ਅੰਦਰ ਦੀ ਗਲ ਅੰਦਰੋਂ ਜਾਣੇ
ਬਾਲਕ ਰੋਵੇ ਮਾਤਾ ਜਾਣੇ
ਮਮਤਾ ਅੰਦਰ ਬਾਹਰਿ ਪਛਾਣੇ ॥
ਕੋਈ ਆਖੇ ਕਿਆ ਆਖ ਸੁਣਾਵੇ
ਬਿਨ ਬੋਲੇ ਤੂੰ ਸਭ ਕਿਛੁ ਜਾਣੈ ॥
ਕਿਧਰੇ ਕਵਿਤਾ ਆਪ ਲਿਖਾਵੇ
ਆਪੇ ਹੀ ਤੂੰ ਸਭ ਬਿਧ ਜਾਣੈ ॥
24 ਸਾਲ ਤੋਂ ਕਲਮ ਜੁਦਾਈ
ਮੁੜਕੇ ਕਵਿਤਾ ਅੰਦਰ ਆਣੇ ॥
ਤੂੰ ਆਪੇ ਕਵੀ ਤੂੰ ਆਪੇ ਰਸੀਆ
ਤੇਰਾ ਕੀਤਾ ਤੂੰ ਹੀ ਜਾਣੈ ॥

ਵੀਰ ਜੀ ਦੀ ਕਵਿਤਾ ਸਾਹਿਤਕ ਪਖ ਤੋਂ ਵੀ ਬਹੁਤ ਡੂੰਘੀ ਹੈ। ਵੀਰ ਜੀ ਦਸਦੇ ਹਨ ਕਿ ਇਹ ਜੀਭ ਹੀ ਜੋ ਸਵਾਦ ਦਰਸਾਉਂਦੀ ਹੈ ਤੇ ਇਹ ਜੀਭ ਹੀ ਜੋ ਪੁਆੜੇ ਪਾਂਦੀ ਹੈ ਪਰ ਉਹ ਜੀਭ ਦਾ ਗਾਨਾ ਹੀ ਵਧੀਆ ਹੈ ਜੋ ਪ੍ਰਮੇਸ਼ਵਰ ਨੂੰ ਗਾਵੇ-



ਇਕ ਰਸਨਾ ਬਹੁ ਸਵਾਦ ਲਗਾਵੈ
ਇਕ ਰਸਨਾ ਵਿਵਾਦ ਵਧਾਵੈ
ਧੰਨ ਰਸਨਾ, ਧੰਨ ਰਸਨਾ, ਧੰਨ ਰਸਨਾ
ਜਿਤ ਪਰਸਾਦ ਵਧਾਵੈ ॥

ਵੀਰ ਜੀ ਦੀ ਕਵਿਤਾ ਵਿਚ ਅਜੀਬ ਵਿਸਮਾਕ ਹੈ। ਵੀਰ ਜੀ ਵਿਸਮਾਕ ਵਿਚ ਆ ਕੇ ਉਚਾਰਨ ਕਰਦੇ ਹਨ ਕਿ ਅਕਾਲ ਪੁਰਖ ਸਭ ਤੂੰ ਹੀ ਕਰਾ ਰਿਹਾ ਹੈ ਤੇਰਾ ਹੀ ਸਭ ਕੁਝ ਹੈ ਤੂੰ ਹੀ ਸਭ ਕੁਝ ਮੇਰਾ ਹੈ ਮੇਰਾ ਹਰ ਇਕ ਕਰਮ ਤੇਰਾ ਹੀ ਹੈ ਤੇ ਅੰਤ ਵਿਚ ਵੀਰ ਜੀ ਦੀ ਸੁਰਤ ਤੂੰ ਹੀ ਤੂੰ ਹੀ ਤੂੰ ਹੀ ਤੂੰ ਤੇ ਟਿਕ ਜਾਂਦੀ ਹੈ ਜਿਵੇਂ ਕਿ–

ਜੇ ਹੁਣ ਮੁੜ ਕੇ ਬੋਲ ਬੁਲਾਵੇਂ
"ਤੇਰਾ" "ਤੇਰਾ" ਮੈਂ ਬੋਲਾਂ ॥
ਨਾ ਕੋਈ ਅਪਨਾ ਨ ਕਿਸੇ ਦਾ
"ਤੇਰਾ" "ਤੇਰਾ" ਬੋਲ ਮੈਂ ਬੋਲਾਂ ॥
ਨਾ ਕੋਈ ਆਸਾ ਨਾ ਕੋਈ ਮਨਸਾ
"ਤੇਰਾ" "ਤੇਰਾ" ਬੋਲ ਮੈਂ ਬੋਲਾਂ ॥
ਤੂੰ ਸਹਾਈ ਤੂੰ ਹੀ ਸਖਾ
"ਤੇਰਾ" "ਤੇਰਾ" ਬੋਲ ਮੈਂ ਬੋਲਾਂ ॥
ਤੂੰ ਮੇਰਾ ਹਾਸਾ ਤੂੰ ਬਿਗਾਸਾ
"ਤੇਰਾ" "ਤੇਰਾ" ਬੋਲ ਮੈਂ ਬੋਲਾਂ ॥



ਤੂੰ ਮੇਰੇ ਅੰਦਰ ਤੂੰ ਮੇਰੇ ਬਾਹਰ
"ਤੇਰਾ" "ਤੇਰਾ" ਬੋਲ ਮੈਂ ਬੋਲਾਂ ॥
ਤੂੰ ਮੇਰਾ ਨਸਾਂ ਤੂੰ ਹੀ ਮੇਰੀ ਮਸਤੀ
"ਤੇਰਾ" "ਤੇਰਾ" ਬੋਲ ਮੈਂ ਬੋਲਾਂ ॥
ਹਰ ਦਮ ਹਰ ਪਲ ਮੇਰੇ ਦਾਤਾ
ਮੇਰੇ ਦਾਤਾ ਮੇਰੇ ਦਾਤਾ
"ਤੇਰਾ" "ਤੇਰਾ" ਬੋਲ ਮੈਂ ਬੋਲਾਂ ॥
"ਇਕ" ਰਸਨਾ ਤੇ ਇਕ ਜਾਏ ਜਦ ਹੀ
ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ
ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ
ਤੂੰ, ਤੂੰ, ਤੂੰ, ਤੂੰ, ਤੂੰ. ਤੂੰ.................

ਇਸੇ ਤਰ੍ਹਾਂ ਹੀ ਫਿਰ ਲਿਖਦੇ ਹਨ ਕਿ ਤੂੰ ਹੀ ਅੰਦਰੋਂ ਵਸਦੈ ਤੇ ਤੂੰ ਹੀ ਬਾਹਰ ਭੀ ਹੈ ਤੇਰੇ ਭੇਦ ਕੋਈ ਨਹੀਂ ਜਾਣ ਸਖ਼ਦਾ

"ਅੰਤਰ ਬਸੈ ਬਾਹਿਰ ਭੀ ਓਹੀ"
ਇਕ ਦੇਖਿਆ ਕੋਈ ਐਸਾ
ਬਾਹਰੋਂ ਸੁਣੇ ਤੇ ਬਾਹਰੋਂ ਬੋਲੇ ॥
ਕੁਝ ਇਕ ਦੂਜੇ ਤੋਂ ਛਪਾਵਣ ਲਈ
ਕੰਨ ਲਾ ਕੰਨ ਦੇ ਬੋਲੇ ਹੌਲੇ ॥
ਕਿਧਰੇ ਬੋਲ ਤੇ ਹੋਵੇ ਝਗੜਾ



ਕਿਧਰੇ ਬੋਲ ਲੈ ਖਾਵੇ ਝਕੋਲੇ
ਰੰਗ ਤਮਾਸੇ, ਦੁਨੀਆਂ ਅੰਦਰ
ਕੋਈ ਉਚੀ ਬੋਲੇ ਕੋਈ ਹੋਲੀ ਬੋਲੇ ॥
ਅੰਦਰੋਂ ਕੋਈ ਨ ਸੁਣਦਾ ਦੇਖੋ
ਦੁਖਾਂ ਗਮਾਂ ਵਿਚ ਖਾਵੇ ਝਟ ਕੋਲੇ ॥
ਬਾਹਰੋਂ ਚੁਪ ਤੇ ਅੰਦਰੋਂ ਸੁਖ
ਨਦਰ ਹੋਵੇ ਜੇ ਨਾਮ ਦੇ ਉਲੇ
ਨਾਮ ਦੇ ਉਲੇ ਅੰਦਰੋਂ ਸੁਣਦਾ
ਅੰਤਰ ਬਾਹਿਰ ਉਹੋ ਹੀ ਬੋਲੇ
ਅੰਤਰ ਬਾਹਰਿ ਤੂੰ ਹੀ ਤੂੰ ਹੀ
ਜਿਥੇ ਰਖੇ ਤਿਥੇ ਹੀ ਸੋਹਲੇ
ਕੈਸਾ ਤੇਰਾ ਅਜਬ ਤਮਾਸਾ
ਕਉਨ ਹੈ ਤੇਰਾ ਭੇਦ ਜੋ ਖੋਲੇ
ਆਪੇ ਹੀ ਤੂੰ ਚੁਪ ਕਰਾਵੇਂ
ਆਪ ਹੀ ਤੂੰ ਤੂੰ ਤੂੰ ਬੋਲੇ ॥



ਇਕ ਚੁਪ ਤੇ ਸੋ ਸੁਖ
ਬਾਹਰੋਂ ਦੂਨੀਆਂ ਪਈ ਭੁਲੇਖੇ ॥
ਅੰਦਰ ਦੀ ਗਲ ਕੋਈ ਅੰਦਰੋਂ ਜਾਣੇ
ਕੌਣ ਸੁਖਾਂ ਨੂੰ ਗਿਣ ਗਿਣ ਲੇਖੇ ॥
ਐਸੀ ਚੁਪ ਕੋਈ ਵਿਰਲਾ ਪਾਉਂਦਾ
ਅੰਦਰੋਂ ਜੋੜ ਕੋਈ ਜੋੜ ਕੇ ਵੇਖੇ ॥
ਸਚ ਹਿਰਦੇ, ਸਨਮੁਖ ਰਹਿੰਦਾ
ਆਖ ਆਖ ਲਾਵੇ ਲਿਵ ਵੇਕੈ
ਸਚ ਆਖਾ, ਸਚ ਆਖ, ਸਚੁ ਆਖਾ
ਮੇਰੇ ਸਾਹਿਬ ਦਾਤਾ
ਨਾਮ ਜਪਾ ਮੈਂ ਤੇਰੀ ਟੇਕੈ ॥

——o——

ਵੀਰ ਜੀ ਕਿਸੇ ਗੁਰਬਾਣੀ ਦੀ ਤੁਕ ਨੂੰ ਮਨ 'ਚ ਰਖ ਕੇ ਕਵਿਤਾ ਲਿਖ ਦੇਂਦੇ ਸਨ ਜਿਵੇਂ ਕਿ

"ਨਾਨਕ ਏਕ ਕਰੇ ਅਦਰਾਸ
ਵਿਸਰ ਨਾਹੀ ਪੂਰਨ ਗੁਣਤਾਸ"
ਦਾਸਨ ਦਾਸ ਕਹਾਉਂਦਾ ਸਭ ਦਾ
ਸਭ ਵਿਚ ਦੇਖੈ ਆਪ ॥
ਰਾਖੀ ਕਰਦਾ ਗੁਰ ਦਾ ਦਰਸ਼ਨ
ਮਸਤਕ ਸੀਸ ਝੁਕਾਤ ॥



ਗੁਰ ਮਾਰਗ ਵਲ ਤੁਰਦਾ ਹਰ ਦਮ
ਸਚਲ ਸੇਵਾ ਕਰ ਹਾਥ॥
ਗੁਰਦਵਾਰਾ ਸ੍ਰੀ ਨਾਤਾ ਸਾਹਿਬ
ਮਿਲ ਕੇ ਕਰੋ ਅਰਦਾਸ
ਹਥ ਜੋੜ ਮਿਲ ਸਭ ਕਹੋ
ਵਿਸਰ ਨਾਹੀ ਗੁਣਤਾਸ॥

—o—

ਵੀਰ ਜਿਸ ਸਚ ਦਾ ਪਹਿਰਾ ਦੇਣ ਲਈ ਲਿਖਦੇ ਹਨ ਉਥੇ ਦੁਖੀ ਦਾ ਦਰਦ ਵੰਡਾਣ ਲਈ ਵੀ ਪ੍ਰੇਰਨਾ ਦੇਂਦੇ ਹਨ ਉਥੇ ਇਤਫ਼ਾਕ ਲਈ ਆਪਸ ਵਿਚ ਨਾ ਝਗੜਣ ਨੂੰ ਤੇ ਵਾਹਿਗੁਰੂ ਦਾ ਜਾਪ ਲਈ ਵੀ ਪ੍ਰੇਰਦੇ ਹਨ।

ਸਚ ਬੋਲਣ ਲਈ ਬੋਲ ਲੈ ਪਿਆਰੇ
ਕੂੜ ਨ ਬੋਲੀ ਚੁਪ ਰਹਿਣਾ॥
ਜ਼ੁਲਮ ਹੁੰਦਾ ਜੇ ਵੇਖੇ ਪਿਆਰੇ
ਫਿਰ ਨ ਅਖੀਂ ਚੁਪ ਸਹਣਾ॥
ਦੁਖੀਆਂ ਦਰਦ ਵੰਡਾਉਣ ਦੀ ਖਾਤਰ
ਫੇਰ ਨ ਅੰਦਰ ਲੁਕ ਕੇ ਬਹਿਣਾ॥
ਸਭਨਾ ਅੰਦਰ ਇਕੋ ਜੋਤੀ
ਭਾਈ ਭਾਈ ਨਾਲ ਕਦੇ ਨ ਖਹਿਣਾ॥
ਚੁਪ ਰਹਿ ਕੇ ਤੂੰ ਸੁਰਤ ਟਿਕਾ ਕੇ



ਪਾਵੀਂ ਨਾਮ ਸਚ ਦਾ ਗਹਿਣਾ
ਬਾਰ ਬਾਰ ਤੂੰ ਸਭ ਨੂੰ ਆਖੀਂ
ਵਾਹੁ ਵਾਹਿਗੁਰੂ ਸਦ ਕਹਿਣਾ
ਬਾਰ ਤੂੰ ਸਭ ਆਖੀਂ
ਵਾਹੁ ਵਾਹਿਗੁਰੂ ਸਦ ਕਹਿਣਾ ॥

—o—

ਵੀਰ ਜੀ ਦੀ ਕਵਿਤਾ ਸਹਿਤ ਪਖ ਤੋਂ ਵੀ ਬਹੁਤ ਵਧੀਆ ਅਲੰਕਾਰਕ ਹੈ ਮਿਸਾਲਾਂ ਉਦਾਹਰਣਾਂ ਭਾਈ ਗੁਰਦਾਸ ਵਾਰਾਂ ਬਹੁਤ ਸੁੰਦਰ ਦਿਤੀਆਂ ਹਨ ਜਿਵੇਂ ਕਿ ਪ੍ਰਵਾਨੇ ਤੋਂ ਬਿਨਾਂ ਸ਼ਮ੍ਹਾਂ ਦੀ ਮੁਲਾਕਾਤ ਕਿਵੇਂ ਹੋ ਸਕਦੀ ਹੈ ।ਆਏ ਜਿਵੇਂ ਕਿ ਹੇਠ ਪਾਠਖ ਆਪ ਹੀ ਪੜ੍ਹਦੇ ਅਨੰਦ ਮਾਣ ਸਕਦੇ ਹਨ

ਕਿਵੇਂ ਕੋਈ ਕਹਿ ਸਕਦਾ ਹੈ
ਸ਼ਾਹੀ ਬਿਨਾ ਦਵਾਤ ॥
ਸ਼ਮਾ ਆਵੇ ਪ੍ਰਵਾਨਾ ਨ ਆਵੇ
ਏਹ ਕੈਸੀ ਮੁਲਾਕਾਤ ॥
ਬਿਨਾ ਤੇਰੇ ਨਾਮ ਤੋਂ ਸਖਣੀ
ਦੁਖਦਾ ਈ ਪਰਭਾਤ ॥
ਭਾਣੇ ਜੇਵਡ ਹੋਰ ਨ ਕੋਈ
ਕੋਈ ਨ ਹੋਵੇ ਦਾਤ ॥



ਬਿਨਾ ਗੁਰ ਗਿਆਨ ਦੇ ਬਾਝੋਂ
ਕੈਸੀ ਸਿਖ ਜਮਾਤ ॥
ਸਚ ਦਾ ਚੰਦੂਆ ਲਿਸ਼ਕ ਨ ਮਾਰ
ਸਫਲ ਨ ਹੋਵੇ ਰਾਤ ॥
ਜਿਨ ਪਟ ਅੰਦਰ ਬਾਹਿਰ ਗੁਟਰ
ਸਚ ਪਹਿਨੇ ਸਚ ਖਾਤ ॥
ਵਿਚ ਸੰਸਾਰ ਚਲਾਈ ਕਰਦਾ
ਨਾਮ ਜਪੇ ਦਿਨ ਰਾਤ
ਨਾ ਕੋਈ ਬੈਰੀ ਨਾਹਿ ਬੇਗਾਨਾ
ਸਮ ਦ੍ਰਿਸਟੀ ਸਮ ਬਾਤ
ਜੇ ਕੋਈ ਉਸ ਨੂੰ ਮਿਲਨੇ ਆਵੇ
ਵਾਹਿਗੁਰੂ ਫ਼ਤਿਹ ਬੁਲਾਤ ॥
ਵਿਚ ਉਦਾਸੀ ਮਾਇਆ ਵਸਦਾ
ਰਹਿੰਦਾ ਚੁਪ ਚੁਪਾਤ ॥

ਵੀਰ ਜੀ ਵਾਹਿਗੁਰੂ ਨਾਲ ਅਥਾਹ ਪਿਆਰ ਦਾ ਪ੍ਰਗਟਾਵਾ ਕਰਦੇ ਹਨ ਤੇ ਇਛਾ ਪ੍ਰਗਟ ਕਰਦੇ ਹਨ ਕਿ ਉਹ ਦਾਸੀ ਬਣ ਕੇ ਵਾਹਿਗੁਰੂ ਨੂੰ ਜਪਣਗੇ

ਕੁਝ ਨ ਕਹੋ ਸੁਹਾਗਣੋ
ਬਿਨ ਬਦਨੋ ਬਰਸਾਤ ਆਈ ਏ
ਕੀ ਦਸਾਂ ਖਾਮੋਸ਼ੀ ਅੰਦਰ



ਮੇਰੀ ਸੁਹਾਗਣ ਰਾਤ ਆਈ ਏ ॥

"ਸੁਨਹੁ ਵੇ ਲੋਗਾ, ਮੈ ਪ੍ਰੇਮ ਰਸ ਪਾਇਆ"

ਸਭ ਜਨਮ ਤਿਨਾਂ ਕਾ ਸਫਲ ਹੈ
ਜਿਨ ਹਰ ਕੇ ਨਾਮ ਕੀ ਮਨ ਲਾਗੀ ਭੁਖਾ
ਜਿਨੀ ਗੁਰ ਕਾ ਬਚਨ ਅਰਾਧਿਆ
ਤਿਨ ਵਿਸਰ ਗਏ ਸਭ ਦੁਖਾ
ਪਿਆਰ ਦਾ ਪ੍ਰਗਟਾਵਾ :-
ਸਾਈ ਮੈਡੇ ਜੇ ਪਿਆਰ ਦਾ
ਕਰਨਾ ਹੀ ਹੈ ਪਤੀਆਵਾ ॥
ਬੇਸ਼ਕ ਹਿੰਡੋਲੇ ਚਾੜ ਕੇ
ਲੈ ਜਾਵੀ ਮੁਕਲਾਵਾ ॥
ਉਥੇ ਵੀ ਚੁਪ ਚਾਪ ਮੈਂ
ਜੀਵਾਨ ਗੁਜਾਰਸਾ ॥
ਦਾਸੀ ਮੈ ਤੇਰੇ ਦਰ ਦੀ ਬਣ ਕੇ
ਵਾਹਗਿਰੂ ਉਚਾਰਸਾ ॥



ਹਿਰਦੇ ਵਿਚੋਂ ਨਿਕਲੇ ਹੋਏ ਬੋਲ ਕੰਨ ਰਾਹੀਂ ਰਸਨਾ ਤੋਂ ਪ੍ਰਗਟ ਹੁੰਦੇ ਹਨ। ਰਸਨਾ ਤੋਂ ਬੋਲ ਕੰਨਾ ਰਾਹੀਂ ਸਰੋਤੇ ਦੇ ਹਿਰਦੇ ਵਿਚ ਪਹੁੰਚਦੇ ਹਨ ਤੇ ਰਾਤ ਵਿਚ ਵਸਦੇ ਤੇ ਹਿਰਦੇ ਵਿਚ ਪ੍ਰਕਾਸ਼ ਕਰਦੇ ਹਨ।

ਗਿਆਨ ਦਾ ਦਾਤਾ “ਸ਼ਬਦ” ਹੈ।

“ਸ਼ਬਦ” ਤੋ ਬਿਤਾ ਅਜ ਤਕ ਕਿਸੇ ਨੂੰ ਗਿਆਨ ਨਹੀਂ ਹੋਇਆ। ਬੁਧ ਵਿਚ ਗਿਆਨ ਦਾ ਪ੍ਰਕਾਸ਼ “ਸ਼ਬਦ” ਕਰ ਕੇ ਹੈ।

ਜਿਸ ਦੇ ਹਿਰਦੇ ਅੰਦਰ “ਸ਼ਬਦ” ਦੇ ਦੀਪਕ ਦਾ ਪ੍ਰਕਾਸ਼ ਨਹੀਂ ਹੈ, ਬੁਧ ਕਬੁਧ ਹੋਵੇਗੀ। ਕਬੂਧ ਭੂਮਣੀ ਹੋਵੇਗੀ।

ਗਿਆਨ ਦੇ ਦਾਤੇ ਤੋ ਬਿਨਾਂ ਪ੍ਰਕਾਸ਼ ਨਹੀਂ ਹੋ ਸਕਦਾ ਜਿਵੇਂ ਦੀਪਕ ਤੋਂ ਬਿਨਾਂ ਪ੍ਰਕਾਸ਼ ਨਹੀਂ ਹੁੰਦਾ।

—o—

ਜੇ ਤੂ ਤੁਠਾ ਕ੍ਰਿਪਾ ਨਿਧਾਨਾ
ਨਾ ਦੂਜਾ ਵੇਖਾਲ॥

—o—

ਇਕ ਰਸਨਾ ਬਹੁ ਸਵਾਦ ਲਗਾਵੈ
ਇਕ ਰਸਨ ਾਵਿਵਾਦ ਵਧਾਵੈ
ਧੰਨ ਰਸਨਾ, ਧੰਨ ਰਸਨਾ, ਧੰਨ ਰਸਨਾ
ਜਿਤ ਪਰਸਾਦ ਵਧਾਵੈ॥



"ਕਹੁ ਕਬੀਰ ਹਰਿ ਦਰਸ ਦਿਖਾਵਾ
ਪਾਨੈ ਤੇ ਜਰਾ ਕਿਉ ਨ ਪਠਾਵਾ"

ਅੰਦਰ ਬਾਹਰ ਵਾਹਿਗੁਰੂ ਬੋਲੇ
ਬਾਹਰੋ ਚੁਪ ਤੇ ਅੰਦਰੋ ਬੋਲੇ ॥
ਬਿਨ ਬੋਲੇ, ਬਿਨ ਬੋਲੇ
ਇਹ ਗਨੂਆ ਡੋਲੇ ॥

ਇਕ ਦੇਖਿਆ ਇਕ ਮੰਨਿਆ
ਇਕੋ ਸੁਣਿਆ ਸ਼ਵਣ ਸ੍ਰੋਤ
ਜਨ ਨਾਨਕ ਨਾਮ ਸਲਾਹ ਤੂੰ
ਸਚ ਸਚ ਸੇਵਾ ਤੇਰੀ ਹੋਤ

ਅਗੋ ਨਈ ਸਤਿਗੁਰ ਜੀ ਦੀ ਪ੍ਰੇਰਨਾ-
"ਜਭ ਲੋਭ ਅਹੰਕਾਰ ਤਜ ਤ੍ਰਿਸਨਾ
ਬਹੁਤ ਨਾਹੀ ਬੋਲਣਾ"

ਵੀਰ ਜੀ ਨੇ ਸ਼ਬਦ ਬਾਰੇ ਵਿਚਾਰ ਦਰਸਾਏ ਹਨ ਕਿ ਸ਼ਬਦ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਇਹ ਕਵਿਤਾ ਪ੍ਰੋ. ਪੂਰਨ ਸਿੰਘ ਦੀ ਤਰਜ਼ ਤੇ ਖੁਲੀ ਕਵਿਤਾ ਹੈ ਪਰ ਕਮਾਲ ਦਾ ਰਸ ਹੈ।

